ਅੰਗ ੬੯੬ = ਜੈਤਸਰੀ ਮਹਲਾ ੪ ਘਰੁ ੧ ਚਉਪਦੇ ੧ੴ ਸਤਿਗੁਰ ਪ੍ਰਸਾਦਿ ॥ ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ, ਗੁਰਿ ਹਾਥੁ ਧਰਿਓ ਮੇਰੈ ਮਾਥਾ ॥ ਜਨਮ ਜਨਮ ਕੇ ਕਿਲਬਿਖ ਦੁਖ ਉਤਰੇ, ਗੁਰਿ ਨਾਮੁ ਦੀਓ ਰਿਨੁ ਲਾਥਾ ॥੧॥ ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ ॥ ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ, ਬਿਨੁ ਨਾਵੈ ਜੀਵਨੁ ਬਿਰਥਾ ॥ਰਹਾਉ॥ ਬਿਨ ਗੁਰ ਮੂੜ ਭਏ ਹੈ ਮਨਮੁਖ, ਤੇ ਮੋਹ ਮਾਇਆ ਨਿਤ ਫਾਥਾ ॥ ਤਿਨ ਸਾਧੂ ਚਰਣ ਨ ਸੇਵੇ ਕਬਹੂ ,ਤਿਨ ਸਭੁ ਜਨਮੁ ਅਕਾਥਾ ॥੨॥ ਜਿਨ ਸਾਧੂ ਚਰਣ ਸਾਧ ਪਗ ਸੇਵੇ, ਤਿਨ ਸਫਲਿਓ ਜਨਮੁ ਸਨਾਥਾ ॥ ਮੋਕਉ ਕੀਜੈ ਦਾਸੁ ਦਾਸ ਦਾਸਨ ਕੋ, ਹਰਿ ਦਇਆ ਧਾਰਿ ਜਗੰਨਾਥਾ ॥੩॥ ਹਮ ਅੰਧੁਲੇ ਗਿਆਨ ਹੀਨ ਅਗਿਆਨੀ, ਕਿਉ ਚਾਲਹ ਮਾਰਗਿ ਪੰਥਾ ॥ ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ, ਜਨ ਨਾਨਕ ਚਲਹਿ ਮਿਲੰਥਾ ॥੪॥੧॥(ਹੇ ਭਾਈ! ਜਦ ਮੇਰੇ) ਗੁਰੂ ਨੇ ਮੇਰੇ ਮੱਥੇ ਉਤੇ (ਅਪਣਾ ਮੇਹਰ ਭਰਿਆ) ਹੱਥ ਧਰਿਆ, ਤਾਂ ਮੇਰੇ ਹਿਰਦੇ ਵਿਚ ਹਰੀ ਦਾ ਨਾਮ ਰੂਪ ਰਤਨ ਵਸ ਗਿਆ ਹੈ।ਗੁਰੂ ਨੇ ਮੈਨੂੰ ਨਾਮ ਦਿਤਾ (ਜਿਸ ਨਾਮ ਨੂੰ ਸਿਮਰ ਕੇ ਮੇਰੇ) ਜਨਮਾਂ ਜਨਮਾਂ ਦੇ ਪਾਪ ਤੇ ਦੁਖ ਉਤਰ ਗਏ ਹਨ ਅਤੇ ਸਾਰਾ ਕਰਜਾ ਲਹਿ ਗਿਆ ਹੈ।੧।ਹੇ ਮੇਰੇ ਮਨ! ਰਾਮ ਦਾ ਨਾਮ ਸਿਮਰ, ਤੇਰੇ ਸਾਰੇ ਪ੍ਰਯੋਜਨ ਪੂਰਨ ਹੋ ਜਾਣਗੇ (ਸੰ.ਸ.); ਜੋ ਸਾਰੇ ਪਦਾਰਥ ਦੇਣ ਵਾਲਾ ਹੈ।ਪੂਰੇ ਗੁਰੂ ਨੇ ਮੈਨੂੰ ਹਰੀ ਦਾ ਨਾਮ ਦ੍ਰਿੜ ਕਰਾ ਦਿਤਾ ਹੈ, ਨਾਮ ਤੋਂ ਬਿਨਾ ਜੀਵਨ ਬਿਅਰਥ ਲੰਘ ਜਾਂਦਾ ਹੈ।ਰਹਾਉ।ਗੁਰੂ (ਦੀ ਸ਼ਰਣ ਵਿਚ ਆਏ) ਤੋਂ ਬਿਨਾ ਮਨਮੁਖ ਮੂਰਖ ਬਣੇ ਹੋਏ ਹਨ, ਉਹ ਹਰ ਰੋਜ ਮਾਇਆ ਦੇ ਮੋਹ ਵਿਚ ਫਸੇ ਰਹਿੰਦੇ ਹਨ।ਉਨ੍ਹਾਂ ਨੇ ਕਦੇ ਸ੍ਰੇਸਟ ਗੁਰੂ ਦੇ ਚਰਨਾਂ ਦੀ ਸੇਵਾ ਨਹੀਂ ਕੀਤੀ, (ਇਸ ਲਈ) ਉਨ੍ਹਾਂ ਦਾ ਸਾਰਾ ਜਨਮ ਬਿਅਰਥ ਬੀਤ ਜਾਂਦਾ ਹੈ।੨।ਜਿਨ੍ਹਾਂ ਮਨੁੱਖਾਂ ਨੇ ਸ੍ਰੇਸਟ ਗੁਰੂ ਦੇ ਚਰਨ ਪਰਸੇ ਹਨ ਤੇ ਸ੍ਰੇਸਟ ਗੁਰੂ ਦੇ ਚਰਨਾਂ ਦੀ ਸੇਵਾ ਕੀਤੀ ਹੈ, ਉਨ੍ਹਾਂ ਦਾ ਜਨਮ ਸਫਲ ਹੋਇਆ ਹੈ ਅਤੇ ਉਹ ਮਾਲਕ ਵਾਲੇ ਹਨ (ਨਿਖਸਮੇ ਨਹੀਂ ਹਨ)।ਹੇ ਜਗਤ ਦੇ ਮਾਲਕ ਪ੍ਰਭੂ! ਦਇਆ ਧਾਰ ਕੇ ਮੈਨੂੰ ਅਪਣੇ ਦਾਸਾਂ ਦੇ ਦਾਸਾਂ ਦਾ ਦਾਸ ਬਣਾ ਲੈ।੩।ਅਸੀਂ (ਸੰਸਾਰੀ ਮਨੁੱਖ) ਅੰਨ੍ਹੇ ਆਤਮਕ ਗਿਆਨ ਤੋਂ ਖਾਲੀ ਤੇ ਅਗਿਆਨੀ (ਬੇਸਮਝ) ਹਾਂ, (ਹੇ ਗੁਰੂ ਜੀ! ਅਸੀਂ ਸੰਸਾਰੀ) ਰਸਤੇ ਉਤੇ ਚੱਲਣ ਵਾਲੇ ਮਨੁੱਖ ਗੁਰਮਤ ਮਾਰਗ ਉਤੇ ਕਿਵੇਂ ਚਲ ਸਕਦੇ ਹਾਂ? ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਗੁਰੂ ਜੀ! ਸਾਨੂੰ ਅੰਨ੍ਹਿਆਂ ਨੂੰ (ਅਪਣਾ ਉਪਦੇਸ਼ ਰੂਪ) ਪੱਲਾ ਫੜਾ ਦਿਓ, ਤਾਂ ਕਿ ਅਸੀਂ ਦਾਸ (ਤੇਰੇ ਨਾਲ) ਮਿਲ ਕੇ (ਤੇਰੇ ਦੱਸੇ) ਰਸਤੇ ਤੇ ਚੱਲ ਸਕੀਏ।੪।੧।

ਰਾਗ ਜੈਤਸਰੀ ਦਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗਿਆਰਵਾਂ ਨੰਬਰ ਹੈ, ਇਹ ਦਿਨ ਦੇ ਚੌਥੇ ਪਹਰ ਗਾਇਆ ਜਾਂਦਾ ਹੈ।

ਪਦਾਰਥ = ਚਉਪਦੇ–ਚਾਰ ਪਦਿਆਂ ਵਾਲੇ ਸ਼ਬਦ।ਹੀਅਰੈ–ਹਿਰਦੇ ਵਿਚ।ਗੁਰਿ–ਗੁਰੂ ਨੇ।ਮੇਰੈ ਮਾਥਾ–ਮੇਰੇ ਮੱਥੇ (ਸਿਰ) ਉਤੇ। ਕਿਲਬਿਖ–ਪਾਪ।ਰਿਨੁ–ਕਰਜਾ {ਮਨਮੁਖ ਕਰਜੁ ਚੜਿਆ ਬਿਖੁ ਭਾਰੀ ਉਤਰੈ ਸਬਦੁ ਵੀਚਾਰੇ ੬੮੧}।ਲਾਥਾ–ਲਹਿ ਗਿਆ।੧।ਮਨ –ਹੇ ਮਨ!।ਅਰਥਾ–ਮਤਲਬ (ਪ੍ਰਯੋਜਨ); ਪਦਾਰਥ।ਦ੍ਰਿੜਾਇਆ–ਪੱਕਾ ਕਰ ਦਿਤਾ।ਰਹਾਉ।ਮੂੜ–ਮੂਰਖ।ਤੇ–ਉਹ।ਨਿਤ–ਸਦਾ; ਹਰ ਰੋਜ।ਫਾਥਾ–ਫਸੇ ਰਹਿੰਦੇ ਹਨ।ਤਿਨ–ਉਨ੍ਹਾਂ ਨੇ।ਨ ਸੇਵੇ–ਸੇਵਾ ਨਹੀਂ ਕੀਤੀ।ਅਕਾਥਾ–ਬਿਅਰਥ।੨। ਸਾਧ ਪਗ–ਸ੍ਰੇਸਟ ਗੁਰੂ ਦੇ ਚਰਣ।ਸਫਲਿਓ–ਸਫਲ ਹੋਇਆ ਹੈ।ਸਨਾਥਾ–ਮਾਲਕ ਵਾਲੇ ਹਨ।ਮੋਕਉ–ਮੈਨੂੰ।ਕੀਜੈ–ਬਣਾ ਲੈ।ਕੋ–ਦਾ।ਧਾਰਿ–ਕਰਕੇ। ਜਗੰਨਾਥਾ–ਹੇ ਜਗਤ ਦੇ ਮਾਲਕ!।੩।ਹਮ ਅੰਧੁਲੇ–ਅਸੀਂ ਅੰਨ੍ਹੇ ਹਾਂ।ਕਿਉ ਚਾਲਹ–ਕਿਵੇਂ ਚਲ ਸਕਦੇ ਹਾਂ? ਮਾਰਗਿ–ਸੰਸਾਰੀ ਰਸਤੇ ਉਤੇ ਚੱਲਣ ਵਾਲੇ।ਪੰਥਾ–ਰਸਤੇ ਉਤੇ।ਕਉ–ਨੂੰ।ਅੰਚਲੁ–(ਉਪਦੇਸ਼; ਆਸਰਾ ਰੂਪ) ਪੱਲਾ।ਮਿਲੰਥਾ–ਮਿਲ ਕੇ।੪।੧।

ਕਰਜਾ = ਨਾਮ ਸਿਮਰਨ ਲਈ ਹਰੀ ਨੇ ਮਨੁੱਖ ਨੂੰ ਸੁਆਸਾਂ ਦੀ ਪੂੰਜੀ ਦਿਤੀ ਸੀ, ਪਰ ਇਸ ਨੇ ਨਾਮ ਜਪਿਆ ਨਹੀਂ, ਜਿਸ ਕਰਕੇ ਦਿਤੀ ਹੋਈ ਮੂਲ ਪੂੰਜੀ ਨਾਲ ਪਾਪ ਕਰਮ ਕਰਕੇ ਵਿਆਜ ਵਧਦਾ ਗਿਆ, ਇਹ ਕਰਜਾ ਡੰਨ ਵੱਜੋਂ ਹੋਰ ਜੂਨੀਆਂ ਵਿਚ ਪਾਉਣ ਦਾ ਕਾਰਣ ਬਣਦਾ ਹੈ, ਇਹ ਕਰਜਾ ਗੁਰੂ ਦੇ ਸ਼ਬਦ ਦੀ ਵਿਚਾਰ ਤੇ ਅਮਲ ਕਰਨ ਨਾਲ ਉਤਰਦਾ ਹੈ।

ਜੈਤਸਰੀ ਮਹਲਾ ੪ ॥ ਹੀਰਾ ਲਾਲੁ ਅਮੋਲਕੁ ਹੈ ਭਾਰੀ, ਬਿਨੁ ਗਾਹਕ ਮੀਕਾ ਕਾਖਾ ॥ ਰਤਨ ਗਾਹਕੁ ਗੁਰੁ ਸਾਧੂ ਦੇਖਿਓ, ਤਬ ਰਤਨੁ ਬਿਕਾਨੋ ਲਾਖਾ ॥੧॥ ਮੇਰੈ ਮਨਿ ਗੁਪਤ ਹੀਰੁ ਹਰਿ ਰਾਖਾ ॥ ਦੀਨ ਦਇਆਲਿ ਮਿਲਾਇਓ ਗੁਰੁ ਸਾਧੂ ,ਗੁਰਿ ਮਿਲਿਐ ਹੀਰੁ ਪਰਾਖਾ ॥ਰਹਾਉ॥ ਮਨਮੁਖ ਕੋਠੀ ਅਗਿਆਨੁ ਅੰਧੇਰਾ, ਤਿਨ ਘਰਿ ਰਤਨੁ ਨ ਲਾਖਾ ॥ ਤੇ ਊਝੜਿ ਭਰਮਿ ਮੁਏ ਗਾਵਾਰੀ, ਮਾਇਆ ਭੁਅੰਗ ਬਿਖੁ ਚਾਖਾ ॥੨॥ ਹਰਿ ਹਰਿ ਸਾਧ ਮੇਲਹੁ ਜਨ ਨੀਕੇ, ਹਰਿ ਸਾਧੂ ਸਰਣਿ ਹਮ ਰਾਖਾ ॥ ਹਰਿ ਅੰਗੀਕਾਰੁ ਕਰਹੁ ਪ੍ਰਭ ਸੁਆਮੀ, ਹਮ ਪਰੇ ਭਾਗਿ ਤੁਮ ਪਾਖਾ ॥੩॥ ਜਿਹਵਾ ਕਿਆ ਗੁਣ ਆਖਿ ਵਖਾਨਹ, ਤੁਮ ਵਡ ਅਗਮ ਵਡ ਪੁਰਖਾ ॥ (ਹੇ ਭਾਈ! ਪ੍ਰਭੂ ਦਾ ਨਾਮ) ਹੀਰੇ ਅਤੇ ਲਾਲ ਨਾਲੋਂ ਵੀ ਬਹੁਤ ਅਮੋਲਕ ਹੈ, (ਪਰ ਅਧਿਕਾਰੀ ਜਗਿਆਸੂ ਰੂਪ) ਗਾਹਕ ਤੋਂ ਬਿਨਾ ਇਹ ਇਕ ਕੱਖ ਦਾ ਹੈ।(ਜਦੋਂ) ਰਤਨ ਰੂਪ ਨਾਮ ਦਾ ਗਾਹਕ ਸ੍ਰੇਸਟ ਗੁਰੂ ਦੇਖਿਆ (ਮਿਲਿਆ), ਤਦ ਰਤਨ ਰੂਪ ਨਾਮ ਲੱਖਾਂ ਰੁਪਿਆਂ ਦਾ ਵਿਕਣ ਲਗ ਪਿਆ ਹੈ (ਜਗਿਆਸੂ ਤਨ ਮਨ ਦੇ ਕੇ ਗੁਰੂ ਪਾਸੋਂ ਨਾਮ ਲੈਣ ਲਗ ਪਏ ਹਨ।੧।ਹੇ ਭਾਈ!) ਹਰੀ ਨੇ ਨਾਮ ਰੂਪ ਹੀਰਾ ਮੇਰੇ ਮਨ ਵਿਚ ਲੁਕਾ ਕੇ ਰੱਖਿਆ ਹੋਇਆ ਸੀ।ਦੀਨਾਂ ਉਤੇ ਦਇਆ ਕਰਨ ਵਾਲੇ ਪ੍ਰਭੂ ਨੇ ਮੈਨੂੰ ਸ੍ਰੇਸਟ ਗੁਰੂ ਮਿਲਾ ਦਿਤਾ, ਗੁਰੂ ਦੇ ਮਿਲਣ ਨਾਲ ਮੈਂ (ਉਸ ਨਾਮ ਰੂਪ ਹੀਰੇ ਨੂੰ) ਪਰਖ ਲਿਆ ਹੈ (ਨਾਮ ਦੀ ਸਮਝ ਆ ਗਈ ਹੈ)।ਰਹਾਉ।ਮਨਮੁਖਾਂ ਦੇ ਹਿਰਦੇ

ਰੂਪ ਕੋਠੀ ਵਿਚ ਅਗਿਆਨ ਰੂਪ ਹਨ੍ਹੇਰਾ ਹੈ, ਉਨ੍ਹਾਂ ਨੇ (ਅਪਣੇ ਹਿਰਦੇ) ਘਰ ਵਿਚ ਪਏ ਰਤਨ ਨੂੰ ਜਾਣਿਆ ਨਹੀਂ। ਉਹ ਮੂਰਖ ਸੰਸਾਰ ਰੂਪ ਉਜਾੜ ਵਿਚ ਭਟਕ ਕੇ ਮਰ ਗਏ {ਉਝੜ ਪੰਥਿ ਭ੍ਰਮੈ ਗਾਵਾਰੀ ਖਿਨੁ ਖਿਨੁ ਧਕੇ ਖਾਇਆ ੭੭੩}, (ਕਿਉਂਕਿ ਉਨ੍ਹਾਂ ਨੇ) ਮਾਇਆ ਰੂਪ ਸੱਪਣੀ ਦੀ ਬਿਖ ਚੱਖੀ ਹੋਈ ਸੀ (ਪਦਾਰਥਾਂ ਦੇ ਸੁਆਦਾਂ ਵਿਚ ਫਸੇ ਹੋਏ ਸਨ)।੨। ਹੇ ਹਰੀ! ਮੈਨੂੰ ਚੰਗੇ ਸਾਧੂ ਜਨ ਮਿਲਾ ਦਿਓ, ਹੇ ਹਰੀ! ਸਾਨੂੰ ਸਾਧੂਆਂ ਦੀ ਸ਼ਰਣ ਵਿਚ ਰੱਖੋ। ਹੇ ਹਰੀ ਪ੍ਰਭੂ ਮਾਲਕ! (ਸਾਨੂੰ) ਅੰਗੀਕਾਰ ਕਰ (ਅਪਣਾ ਬਣਾ) ਲਵੋ, ਅਸੀਂ ਭੱਜ ਕੇ ਤੇਰੀ ਸ਼ਰਣ ਵਿਚ ਆ ਪਏ ਹਾਂ।੩। (ਹੇ ਪ੍ਰਭੂ! ਮੈਂ ਅਪਣੀ ਇਕ) ਜੀਭ ਨਾਲ ਤੇਰੇ ਕਿਹੜੇ ਕਿਹੜੇ ਗੁਣ ਆਖ ਕੇ ਬਿਆਨ ਕਰਾਂ? (ਕਿਉਂਕਿ) ਤੂੰ ਮਨ ਬਾਣੀ ਦੀ ਪਹੁੰਚ ਤੋਂ ਪਰੇ ਅਤੇ ਵੱਡਿਆਂ ਤੋਂ ਵੱਡਾ ਪੁਰਖ ਹੈਂ।

ਅੰਗ ੬੯੭ = ਜਨ ਨਾਨਕ ਹਰਿ ਕਿਰਪਾ ਧਾਰੀ, ਪਾਖਾਣੁ ਡੁਬਤ ਹਰਿ ਰਾਖਾ ॥੪॥੨॥ ਦਾਸ ਨਾਨਕ ਉਪਰ ਹਰੀ ਨੇ ਕ੍ਰਿਪਾ ਦ੍ਰਿਸਟੀ ਕੀਤੀ, (ਪਾਪਾਂ ਨਾਲ ਭਾਰੇ ਹੋਏ ਮੇਰੇ ਵਰਗੇ) ਪਥਰ ਨੂੰ (ਸੰਸਾਰ ਸਮੁੰਦਰ ਵਿਚ) ਡੁਬਦੇ ਨੂੰ ਬਚਾ ਲਿਆ ਹੈ।੪।੨।

ਪਦਾਰਥ = ਅਮੋਲਕੁ–ਜਿਸ ਦੇ ਬਰਾਬਰ ਦੁਨੀਆਂ ਦੀ ਕੋਈ ਚੀਜ ਕੀਮਤੀ ਨਾ ਹੋਵੇ। ਭਾਰੀ–ਬਹੁਤ। ਮੀਕਾ–ਇਕ; ਬਰਾਬਰ। ਕਾਖਾ –ਕੱਖ। ਗੁਰੁ ਸਾਧੂ–ਸ੍ਰੇਸਟ ਗੁਰੂ। ਤਬ–ਤਦ। ਲਾਖਾ–ਲੱਖਾਂ ਰੁਪਿਆਂ ਦਾ।੧। ਮਨਿ–ਮਨ ਵਿਚ। ਗੁਪਤ–ਲੁਕਾ ਕੇ। ਹੀਰੁ–ਹੀਰਾ। ਰਾਖਾ –ਰੱਖਿਆ ਹੋਇਆ ਸੀ। ਦੀਨ ਦਇਆਲਿ–ਗਰੀਬਾਂ ਉਤੇ ਦਇਆ ਕਰਨ ਵਾਲੇ ਨੇ। ਗੁਰਿ ਮਿਲਿਐ–ਗੁਰੂ ਦੇ ਮਿਲਣ ਨਾਲ। ਪਰਾਖਾ– ਪਰਖ ਲਿਆ। ਰਹਾਉ। ਕੋਠੀ–ਹਿਰਦੇ ਰੂਪ ਕੋਠੀ ਵਿਚ। ਘਰਿ–ਹਿਰਦੇ ਘਰ ਵਿਚ। ਨ ਲਾਖਾ–ਨਹੀਂ ਜਾਣਿਆ। ਤੇ–ਉਹ। ਉਝੜਿ– ਔਝੜਾਂ ਵਿਚ (ਕੁਰਾਹੇ); ਡਰਾਉਣੇ ਜੰਗਲ ਵਿਚ। ਭਰਮਿ–ਭਟਕ ਕੇ। ਗਾਵਾਰੀ–ਮੂਰਖ। ਭੁਅੰਗ–ਸੱਪ। ਬਿਖੁ–ਜਹਿਰ। ਚਾਖਾ–ਖਾਧੀ ਹੋਈ ਸੀ।੨। ਹਰਿ–ਹੇ ਹਰੀ!। ਸਾਧ ਜਨ ਨੀਕੇ–ਚੰਗੇ ਸਾਧੂ ਜਨ। ਹਮ ਰਾਖਾ–ਮੈਨੂੰ ਰੱਖ। ਅੰਗੀਕਾਰ ਕਰਹੁ–ਪ੍ਰਵਾਨ ਕਰ ਲਵੋ। ਪਰੇ ਭਾਗਿ–ਭੱਜ ਕੇ ਆ ਪਏ ਹਾਂ। ਪਾਖਾ–ਤਰਫ; ਸ਼ਰਣ ਵਿਚ।੩। ਜਿਹਵਾ–ਜੀਭ। ਵਖਾਣਹ–ਬਿਆਨ ਕਰਾਂ। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਵਡ–ਵੱਡਾ। ਪੁਰਖਾ–ਪ੍ਰਭੂ। ਪਾਖਾਣੁ–ਪੱਥਰ। ਡੁਬਤ ਰਾਖਾ–ਡੁਬਦੇ ਨੂੰ ਰੱਖ (ਬਚਾ) ਲਿਆ।੪।੨।

ਜੈਤਸਰੀ ਮਃ ੪ ॥ ਹਮ ਬਾਰਿਕ ਕਛੂਅ ਨ ਜਾਨਹ ਗਤਿ ਮਿਤਿ, ਤੇਰੇ ਮੂਰਖ ਮੁਗਧ ਇਆਨਾ ॥ ਹਰਿ ਕਿਰਪਾ ਧਾਰਿ ਦੀਜੈ ਮਤਿ ਊਤਮ, ਕਰਿ ਲੀਜੈ ਮੁਗਧੁ ਸਿਆਨਾ ॥੧॥ ਮੇਰਾ ਮਨੁ ਆਲਸੀਆ ਉਘਲਾਨਾ ॥ ਹਰਿ ਹਰਿ ਆਨਿ ਮਿਲਾਇਓ ਗੁਰੁ ਸਾਧੂ ,ਮਿਲਿ ਸਾਧੂ ਕਪਟ ਖੁਲਾਨਾ ॥ਰਹਾਉ॥ ਗੁਰ ਖਿਨੁ ਖਿਨੁ ਪ੍ਰੀਤਿ ਲਗਾਵਹੁ ਮੇਰੈ ਹੀਅਰੈ ,ਮੇਰੇ ਪ੍ਰੀਤਮ ਨਾਮੁ ਪਰਾਨਾ ॥ ਬਿਨੁ ਨਾਵੈ ਮਰਿ ਜਾਈਐ ਮੇਰੇ ਠਾਕੁਰ, ਜਿਉ ਅਮਲੀ ਅਮਲਿ ਲੁਭਾਨਾ ॥੨॥ ਜਿਨ ਮਨਿ ਪ੍ਰੀਤਿ ਲਗੀ ਹਰਿ ਕੇਰੀ, ਤਿਨ ਧੁਰਿ ਭਾਗ ਪੁਰਾਨਾ ॥ ਤਿਨ ਹਮ ਚਰਣ ਸਰੇਵਹ ਖਿਨੁ ਖਿਨੁ ,ਜਿਨ ਹਰਿ ਮੀਠ ਲਗਾਨਾ ॥੩॥ ਹਰਿ ਹਰਿ ਕ੍ਰਿਪਾ ਧਾਰੀ ਮੇਰੈ ਠਾਕੁਰਿ, ਜਨੁ ਬਿਛੁਰਿਆ ਚਿਰੀ ਮਿਲਾਨਾ ॥ ਧਨੁ ਧਨੁ ਸਤਿਗੁਰੁ ਜਿਨਿ ਨਾਮੁ ਦ੍ਰਿੜਾਇਆ, ਜਨੁ ਨਾਨਕੁ ਤਿਸੁ ਕੁਰਬਾਨਾ ॥੪॥੩॥ (ਹੇ ਪ੍ਰਭੂ!) ਅਸੀਂ ਤੇਰੇ ਬੱਚੇ ਮੂਰਖ, ਬੇਸਮਝ ਅਤੇ ਅਣਜਾਣ ਹਾਂ, ਅਸੀਂ ਤੇਰੀ ਗਤਿ ਮਿਤ ਨਹੀਂ ਜਾਣਦੇ। ਹੇ ਹਰੀ! ਕ੍ਰਿਪਾ ਕਰਕੇ (ਮੈਨੂੰ) ਉਤਮ ਮੱਤ ਦਿਓ (ਮੈਨੂੰ) ਬੇਸਮਝ ਮਨੁੱਖ ਨੂੰ ਸਿਆਣਾ ਬਣਾ ਲਵੋ।੧। (ਹੇ ਭਾਈ!) ਮੇਰੇ ਆਲਸੀ ਮਨ ਨੂੰ ਊਂਘ ਆ ਗਈ ਸੀ (ਮੋਹ ਮਾਇਆ ਦੀ ਨੀਂਦ ਵਿਚ ਬੇਖਬਰ ਹੋਇਆ ਪਿਆ ਸੀ)। ਹਰੀ ਨੇ ਸ੍ਰੇਸਟ ਗੁਰੂ ਲਿਆ ਕੇ ਮੈਨੂੰ ਮਿਲਾ ਦਿਤਾ, ਗੁਰੂ ਨੂੰ ਮਿਲ ਕੇ ਮੇਰੇ (ਭਰਮ ਦੇ) ਕਪਾਟ ਖੁਲ੍ਹ ਗਏ ਹਨ। ਰਹਾਉ। ਹੇ ਗੁਰੂ! ਮੇਰੇ ਹਿਰਦੇ ਵਿਚ (ਹਰੀ ਦੇ ਨਾਮ ਨਾਲ) ਹਰ ਵੇਲੇ ਰਹਿਣ ਵਾਲੀ ਪ੍ਰੀਤ ਲਗਾ ਦਿਓ, (ਜੋ ਕਦੇ ਟੁੱਟੇ ਨਾ, ਕਿਉਂਕਿ) ਪਿਆਰੇ ਹਰੀ ਦਾ ਨਾਮ ਮੇਰੇ ਪ੍ਰਾਣਾਂ ਦਾ ਆਸਰਾ ਹੈ। ਹੇ ਮੇਰੇ ਮਾਲਕ! ਨਾਮ ਸਿਮਰਨ ਤੋਂ ਬਿਨਾ ਮਰ ਜਾਈਦਾ ਹੈ, (ਨਾਮ ਮੇਰੇ ਲਈ ਇਸ ਤਰ੍ਹਾਂ ਦਾ ਹੈ) ਜਿਵੇਂ ਅਮਲੀ ਬੰਦਾ ਨਸ਼ੇ ਵਿਚ ਲੁਭਾਇਮਾਨ ਹੁੰਦਾ ਹੈ।੨। (ਹੇ ਭਾਈ!) ਜਿਨ੍ਹਾਂ ਮਨੁੱਖਾਂ ਦੇ ਮਨ ਵਿਚ ਹਰੀ ਦੀ ਪ੍ਰੀਤ ਲਗੀ ਹੋਈ ਹੈ, ਉਨ੍ਹਾਂ ਦਾ (ਇਹ) ਧੁਰ ਦਰਗਾਹ ਤੋਂ ਪਹਿਲਾਂ ਦਾ ਲਿਖਿਆ ਹੋਇਆ ਭਾਗ ਸੀ । ਜਿਨ੍ਹਾਂ ਪੁਰਖਾਂ ਨੂੰ ਹਰੀ ਪਿਆਰਾ ਲਗਦਾ ਹੈ, ਅਸੀਂ ਹਰੇਕ ਪਲ ਉਨ੍ਹਾਂ ਦੇ ਚਰਨਾਂ ਦੀ ਸੇਵਾ ਕਰਦੇ ਹਾਂ।੩। (ਹੇ ਭਾਈ!) ਮੇਰੇ ਮਾਲਕ ਪ੍ਰਭੂ ਨੇ (ਮੇਰੇ ਉਤੇ) ਕ੍ਰਿਪਾ ਕੀਤੀ, ਚਿਰਾਂ ਤੋਂ ਵਿਛੜੇ ਦਾਸ ਨੂੰ (ਅਪਣੇ ਨਾਲ) ਮਿਲਾ ਲਿਆ ਹੈ। ਉਹ ਸਤਿਗੁਰੂ ਧੰਨ ਧੰਨ ਹੈ, ਜਿਸ ਨੇ (ਮੈਨੂੰ ਹਰੀ ਦਾ) ਨਾਮ ਦ੍ਰਿੜ ਕਰਾ ਦਿਤਾ ਹੈ, (ਇਸ ਲਈ) ਦਾਸ ਨਾਨਕ ਉਸ ਗੁਰੂ ਤੋਂ ਕੁਰਬਾਨ ਜਾਂਦਾ ਹੈ।੪।੩।

ਪਦਾਰਥ = ਹਮ–ਅਸੀਂ। ਬਾਰਿਕ–ਬੱਚੇ। ਕਛੂਅ–ਕੁਛ ਵੀ। ਨ ਜਾਨਹ–ਨਹੀਂ ਜਾਣਦੇ। ਗਤਿ–ਹਾਲਤ (ਵਡਿਆਈ)। ਮਿਤਿ–ਹੱਦ; ਮਰਿਆਦਾ;ਅੰਦਾਜਾ। ਮੁਗਧ–ਬੇਸਮਝ। ਇਆਨਾ–ਅਣਜਾਣ। ਧਾਰਿ–ਕਰਕੇ। ਮਤਿ–ਅਕਲ। ਸਿਆਨਾ–ਸਿਆਣਾ।੧। ਆਲਸੀਆ– ਆਲਸੀ; ਸੁਸਤ। ਉਘਲਾਨਾ–ਊਂਘ ਰਿਹਾ ਸੀ; ਬੇਖਬਰ ਸੀ। ਆਨਿ–ਲਿਆ ਕੇ। ਗੁਰੁ ਸਾਧੂ–ਸ੍ਰੇਸਟ ਗੁਰੂ। ਕਪਟ–ਕਿਵਾੜ; ਪੜਦੇ। ਖੁਲਾਨਾ–ਖੁਲ੍ਹ ਗਏ। ਰਹਾਉ। ਗੁਰ–ਹੇ ਗੁਰੂ!। ਖਿਨੁ ਖਿਨੁ–ਹਰ ਵੇਲੇ। ਹੀਅਰੈ–ਹਿਰਦੇ ਵਿਚ। ਪਰਾਨਾ–ਪ੍ਰਾਣ। ਠਾਕੁਰ–ਹੇ ਮਾਲਕ ਪ੍ਰਭੂ!। ਅਮਲੀ–ਨਸ਼ਈ ਮਨੁੱਖ। ਅਮਲਿ–ਨਸ਼ੇ ਵਿਚ। ਲੁਭਾਨਾ–ਲੁਭਾਇਮਾਨ; ਰਚਿਆ ਹੁੰਦਾ ਹੈ।੨। ਜਿਨ ਮਨਿ–ਜਿਨ੍ਹਾਂ ਦੇ ਮਨ ਵਿਚ। ਹਰਿ ਕੇਰੀ–ਹਰੀ ਦੀ। ਤਿਨ–ਉਨ੍ਹਾਂ ਦਾ। ਧੁਰਿ–ਧੁਰ ਦਰਗਾਹ ਤੋਂ। ਭਾਗ–ਕਿਸਮਤ। ਪੁਰਾਨਾ–ਪੁਰਾਣਾ (ਪਹਿਲਾਂ ਤੋਂ ਲਿਖਿਆ

ਹੋਇਆ)। ਸਰੇਵਹ–ਸੇਵਾ ਕਰਦੇ ਹਾਂ। ਮੀਠ ਲਗਾਨਾ–ਪਿਆਰਾ ਲਗਦਾ ਹੈ।੩। ਠਾਕੁਰਿ–ਠਾਕੁਰ ਨੇ। ਚਿਰੀ–ਚਿਰਾਂ (ਬਹੁਤ ਦੇਰ) ਤੋਂ। ਮਿਲਾਨਾ–ਮਿਲਾ ਦਿਤਾ ਹੈ। ਜਿਨਿ–ਜਿਸ ਨੇ। ਦ੍ਰਿੜਾਇਆ–ਹਿਰਦੇ ਵਿਚ ਚੰਗੀ ਤਰ੍ਹਾਂ ਬਿਠਾ ਦਿਤਾ।੪।੩।

ਜੈਤਸਰੀ ਮਹਲਾ ੪ ॥ ਸਤਿਗੁਰੁ ਸਾਜਨੁ ਪੁਰਖੁ ਵਡ ਪਾਇਆ, ਹਰਿ ਰਸਿਕ ਰਸਿਕ ਫਲ ਲਾਗਿਬਾ ॥ ਮਾਇਆ ਭੁਇਅੰਗ ਗ੍ਰਸਿਓ ਹੈ ਪ੍ਰਾਣੀ, ਗੁਰ ਬਚਨੀ ਬਿਸੁ ਹਰਿ ਕਾਢਿਬਾ ॥੧॥ ਮੇਰਾ ਮਨੁ ਰਾਮ ਨਾਮ ਰਸਿ ਲਾਗਿਬਾ ॥ ਹਰਿ ਕੀਏ ਪਤਿਤ ਪਵਿਤ੍ਰ ਮਿਲਿ ਸਾਧ ਗੁਰ, ਹਰਿ ਨਾਮੈ ਹਰਿ ਰਸੁ ਚਾਖਿਬਾ ॥ਰਹਾਉ॥ ਧਨੁ ਧਨੁ ਵਡਭਾਗ ਮਿਲਿਓ ਗੁਰੁ ਸਾਧੂ ,ਮਿਲਿ ਸਾਧੂ ਲਿਵ ਉਨਮਨਿ ਲਾਗਿਬਾ ॥ ਤ੍ਰਿਸਨਾ ਅਗਨਿ ਬੁਝੀ ਸਾਂਤਿ ਪਾਈ, ਹਰਿ ਨਿਰਮਲ ਨਿਰਮਲ ਗੁਨ ਗਾਇਬਾ ॥੨॥ ਤਿਨ ਕੇ ਭਾਗ ਖੀਨ ਧੁਰਿ ਪਾਏ, ਜਿਨ ਸਤਿਗੁਰ ਦਰਸੁ ਨ ਪਾਇਬਾ ॥ ਤੇ ਦੂਜੈ ਭਾਇ ਪਵਹਿ ਗ੍ਰਭ ਜੋਨੀ, ਸਭੁ ਬਿਰਥਾ ਜਨਮੁ ਤਿਨ ਜਾਇਬਾ ॥੩॥ ਹਰਿ ਦੇਹੁ ਬਿਮਲ ਮਤਿ ਗੁਰ ਸਾਧ ਪਗ ਸੇਵਹ, ਹਮ ਹਰਿ ਮੀਠ ਲਗਾਇਬਾ ॥ ਜਨੁ ਨਾਨਕੁ ਰੇਣ ਸਾਧ ਪਗ ਮਾਗੈ, ਹਰਿ ਹੋਇ ਦਇਆਲੁ ਦਿਵਾਇਬਾ ॥੪॥੪॥

(ਹੇ ਭਾਈ! ਜਿਸ ਮਨੁੱਖ ਨੂੰ) ਸਤਿਗੁਰੂ ਸੱਜਨ ਮਹਾਂ ਪੁਰਖ ਪ੍ਰਾਪਤ ਹੋਇਆ ਹੈ, (ਉਹ ਹਰੀ ਦਾ) ਰਸੀਆ ਬਣ ਕੇ ਸੁਆਦ ਨਾਲ ਨਾਮ ਫਲ ਖਾਣ (ਜਪਣ) ਲਗ ਪਿਆ ਹੈ। ਮਨੁੱਖ ਮਾਇਆ ਰੂਪ ਸੱਪਣੀ ਦਾ ਗ੍ਰਸਿਆ ਹੋਇਆ ਹੈ, (ਪਰ) ਗੁਰੂ ਦੇ ਉਪਦੇਸ਼ ਦੁਆਰਾ (ਜੀਵਨ ਜਿਉਣ ਵਾਲੇ ਮਨੁੱਖਾਂ ਦੀ) ਜਹਿਰ ਹਰੀ ਕੱਢ ਦਿੰਦਾ ਹੈ।੧।(ਹੇ ਭਾਈ!) ਮੇਰਾ ਮਨ ਪ੍ਰਭੂ ਦਾ ਨਾਮ ਫਲ ਖਾਣ ਦੇ ਸੁਆਦ ਵਿਚ ਲਗ ਗਿਆ ਹੈ। ਸ੍ਰੇਸਟ ਗੁਰੂ ਨਾਲ ਮਿਲ ਕੇ (ਜਿਨ੍ਹਾਂ ਮਨੁੱਖਾਂ ਨੇ) ਹਰੀ ਦੇ ਨਾਮ ਦੁਆਰਾ ਹਰਿ ਦਾ ਨਾਮ ਰਸ ਚੱਖਿਆ ਹੈ, ਹਰੀ ਨੇ (ਉਹ) ਪਾਪੀ ਪਵਿਤ੍ਰ ਬਣਾ ਦਿਤੇ ਹਨ। ਰਹਾਉ।(ਹੇ ਭਾਈ! ਜਿਸ ਮਨੁੱਖ ਨੂੰ) ਸ੍ਰੇਸਟ ਗੁਰੂ ਮਿਲਿਆ ਹੈ, (ਉਹ) ਧੰਨਤਾ ਦੇ ਯੋਗ ਹੈ ਤੇ ਵੱਡੇ ਭਾਗਾਂ ਵਾਲਾ ਹੈ, ਸੰਤ ਗੁਰੂ ਨੂੰ ਮਿਲ ਕੇ (ਉਸ ਦੀ) ਲਿਵ ਉਚੀ ਆਤਮਕ ਅਵਸਥਾ ਵਿਚ ਲਗ (ਜੁੜ) ਗਈ ਹੈ।(ਉਸ ਦੀ) ਤ੍ਰਿਸ਼ਨਾ ਦੀ ਅੱਗ ਬੁਝ ਗਈ ਹੈ ਤੇ (ਉਸ ਨੇ ਮਾਨਸਕ) ਸ਼ਾਂਤੀ ਪਾ ਲਈ ਹੈ, (ਕਿਉਂਕਿ ਉਸ ਨੇ) ਪਵਿਤ੍ਰ ਹਰੀ ਦੇ ਪਵਿਤ੍ਰ ਗੁਣ ਗਾਏ ਹਨ।੨।(ਹੇ ਭਾਈ!) ਉਨ੍ਹਾਂ ਮਨੁੱਖਾਂ ਦੇ ਧੁਰ ਦਰਗਾਹ ਤੋਂ ਹੀ ਮੰਦੇ ਭਾਗ ਲਿਖ ਕੇ ਪਾਏ ਹੋਏ ਹਨ, ਜਿਨ੍ਹਾਂ ਨੇ ਸਤਿਗੁਰੂ ਦਾ ਦਰਸ਼ਨ ਨਹੀਂ ਪਾਇਆ (ਕੀਤਾ)। ਦ੍ਵੈਤ ਭਾਵ ਵਿਚ ਲਗੇ ਹੋਣ ਕਰਕੇ ਉਹ ਗਰਭ ਜੋਨੀਆਂ ਵਿਚ ਪੈਂਦੇ ਰਹਿੰਦੇ ਹਨ, ਉਨ੍ਹਾਂ ਦਾ ਸਾਰਾ ਜਨਮ ਬਿਰਥਾ ਚਲੇ ਜਾਂਦਾ ਹੈ।੩। ਹੇ ਹਰੀ! (ਮੈਨੂੰ) ਨਿਰਮਲ ਮੱਤ ਦੇਹ, ਤਾਂ ਜੋ ਮੈਂ ਸ੍ਰੇਸਟ ਗੁਰੂ ਦੇ ਚਰਨਾਂ ਦੀ ਸੇਵਾ ਕਰ ਸਕਾਂ, (ਜਿਸ ਗੁਰੂ ਨੇ) ਸਾਨੂੰ ਹਰੀ ਦਾ ਨਾਮ ਮਿੱਠਾ ਲਾਇਆ ਹੈ। ਦਾਸ ਨਾਨਕ ਗੁਰੂ ਦੇ ਚਰਨਾਂ ਦੀ ਧੂੜ ਮੰਗਦਾ ਹੈ, (ਜਿਸ ਮਨੁੱਖ ਉਤੇ) ਹਰੀ ਦਿਆਲ ਹੁੰਦਾ ਹੈ (ਉਸ ਨੂੰ ਇਹ ਧੂੜ ਗੁਰੂ) ਬਖਸ਼ ਦਿੰਦਾ ਹੈ।੪।੪।

ਪਦਾਰਥ = ਪੁਰਖੁ ਵਡ–ਮਹਾਂ ਪੁਰਖ। ਰਸਿਕ ਰਸਿਕ–ਰਸੀਏ ਬਣ ਕੇ ਸੁਆਦ ਨਾਲ। ਫਲ ਲਾਗਿਬਾ–ਫਲ ਖਾਣ ਲਗ ਪਿਆ। ਭੁਇਅੰਗ–ਸੱਪ। ਗ੍ਰਸਿਓ–ਫੜਿਆ ਹੋਇਆ ਹੈ। ਪ੍ਰਾਣੀ–ਮਨੁੱਖ। ਬਚਨੀ–ਉਪਦੇਸ਼ ਦੁਆਰਾ। ਬਿਸੁ–ਜਹਿਰ। ਹਰਿ ਕਾਢਿਬਾ–ਹਰੀ ਕੱਢ ਦਿੰਦਾ ਹੈ।੧। ਪਤਿਤ–ਪਾਪੀ। ਕੀਏ–ਕਰ (ਬਣਾ) ਦਿਤੇ। ਸਾਧ ਗੁਰ–ਸ੍ਰੇਸਟ ਗੁਰੂ। ਨਾਮੈ–ਨਾਮ ਦੁਆਰਾ। ਚਾਖਿਬਾ–ਚੱਖਿਆ (ਖਾਧਾ) ਹੈ। ਰਹਾਉ। ਵਡਭਾਗ–ਵੱਡੇ ਭਾਗਾਂ ਵਾਲਾ। ਲਿਵ–ਸੁਰਤ; ਧਿਆਨ। ਉਨਮਨਿ–ਤੁਰੀਆ ਪਦ (ਉਚੀ ਆਤਮਕ ਅਵਸਥਾ ਵਿਚ)। ਬੁਝੀ–ਬੁਝ ਗਈ। ਗਾਇਬਾ–ਗਾਏ ਹਨ।੨। ਤਿਨ ਕੇ–ਉਨ੍ਹਾਂ ਦੇ। ਖੀਨ–ਘਟੀਆ; ਮੰਦੇ। ਧੁਰਿ–ਧੁਰ ਦਰਗਾਹ ਤੋਂ। ਦਰਸੁ–ਦਰਸ਼ਨ। ਨ ਪਾਇਬਾ–ਨਹੀਂ ਪਾਇਆ। ਤੇ–ਉਹ। ਦੂਜੈ ਭਾਇ–ਦ੍ਵੈਤ ਭਾਵ। ਪਵਹਿ–ਪੈਂਦੇ ਹਨ। ਗ੍ਰਭ ਜੋਨੀ–ਗਰਭ ਜੋਨੀਆਂ (ਜਨਮ ਮਰਨ ਦੇ ਗੇੜ) ਵਿਚ। ਜਾਇਬਾ–ਚਲੇ ਜਾਂਦਾ ਹੈ।੩। ਬਿਮਲ–ਨਿਰਮਲ। ਮਤਿ–ਬੁੱਧੀ। ਪਗ–ਚਰਨ। ਸੇਵਹ–ਸੇਵਾ ਕਰ ਸਕਾਂ। ਮੀਠ–ਮਿੱਠਾ; ਪਿਆਰਾ। ਲਗਾਇਬਾ–ਲਗਾਇਆ ਹੈ। ਰੇਣ–ਚਰਨ ਧੂੜ। ਦਿਵਾਇਬਾ–ਬਖਸ਼ ਦੇਂਦਾ ਹੈ।੪।੪।

ਜੈਤਸਰੀ ਮਹਲਾ ੪ ॥ ਜਿਨ ਹਰਿ ਹਿਰਦੈ ਨਾਮੁ ਨ ਬਸਿਓ, ਤਿਨ ਮਾਤ ਕੀਜੈ ਹਰਿ ਬਾਂਝਾ ॥ ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ, ਓਇ ਖਪਿ ਖਪਿ ਮੁਏ ਕਰਾਂਝਾ ॥੧॥ ਮੇਰੇ ਮਨ ਜਪਿ ਰਾਮ ਨਾਮੁ ਹਰਿ ਮਾਝਾ ॥ ਹਰਿ ਹਰਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ, ਗੁਰਿ ਗਿਆਨੁ ਦੀਓ ਮਨੁ ਸਮਝਾ ॥ਰਹਾਉ॥ ਹਰਿ ਕੀਰਤਿ ਕਲਜੁਗਿ ਪਦੁ ਊਤਮੁ ,ਹਰਿ ਪਾਈਐ ਸਤਿਗੁਰ ਮਾਝਾ ॥ ਹਉ ਬਲਿਹਾਰੀ ਸਤਿਗੁਰ ਅਪੁਨੇ, ਜਿਨਿ ਗੁਪਤੁ ਨਾਮੁ ਪਰਗਾਝਾ ॥੨॥ ਦਰਸਨੁ ਸਾਧ ਮਿਲਿਓ ਵਡਭਾਗੀ, ਸਭਿ ਕਿਲਬਿਖ ਗਏ ਗਵਾਝਾ ॥ (ਹੇ ਭਾਈ!) ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਹਰੀ ਦਾ ਨਾਮ ਨਹੀਂ ਬਸਿਆ, ਉਨ੍ਹਾਂ ਦੀ ਮਾਂ ਨੂੰ ਹਰੀ ਬਾਂਝ ਕਰ ਦਿੰਦਾ (ਤਾਂ ਚੰਗਾ ਸੀ, ਤਾਂ ਕਿ ਉਹ ਅਜੇਹੇ ਪੁਤ੍ਰ ਨੂੰ ਜਨਮ ਹੀ ਨਾ ਦੇ ਸਕਦੀ)। ਨਾਮ ਤੋਂ ਬਿਨਾ ਉਨ੍ਹਾਂ ਦੀ ਦੇਹ ਖਾਲੀ ਤੁਰੀ ਫਿਰਦੀ ਹੈ, ਉਹ ਖਪ ਖਪ ਕੇ ਕੁਰਲਾਉਂਦੇ ਮਰ ਗਏ ਹਨ।੧। ਹੇ ਮੇਰੇ ਮਨ! ਰਾਮ ਦਾ ਨਾਮ ਜਪ, ਉਹ ਹਰੀ (ਸਭ ਦੇ) ਹਿਰਦੇ ਦੇ ਅੰਦਰ ਵਸਦਾ ਹੈ।(ਜਦ ਮੇਰੇ ਉਤੇ) ਕ੍ਰਿਪਾ ਕਰਨ ਵਾਲੇ ਹਰੀ ਪ੍ਰਭੂ ਨੇ ਕ੍ਰਿਪਾ ਕੀਤੀ, ਤਾਂ ਗੁਰੂ ਨੇ ਹਰੀ ਦਾ ਗਿਆਨ ਬਖਸ਼ ਦਿਤਾ, (ਜਿਸ ਗਿਆਨ ਦੀ ਬਰਕਤ ਨਾਲ ਮੇਰਾ) ਮਨ ਸਮਝ ਗਿਆ ਹੈ। ਰਹਾਉ।(ਹੇ ਭਾਈ!) ਹਰੀ ਦੀ ਕੀਰਤੀ ਕਲਜੁਗ ਵਿਚ (ਮਨੁੱਖ ਨੂੰ) ਉਤਮ ਪਦਵੀ ਦੇਣ ਵਾਲੀ ਹੈ, ਹਰੀ ਸਤਿਗੁਰੂ ਵਿਚੋਂ ਪਾਇਆ ਜਾਂਦਾ ਹੈ। ਮੈਂ ਅਪਣੇ ਸਤਿਗੁਰੂ ਤੋਂ ਬਲਹਾਰ ਜਾਂਦਾ ਹਾਂ, ਜਿਸ ਨੇ ਗੁਪਤ ਨਾਮ ਪ੍ਰਗਟ ਕਰ ਦਿਤਾ

ਹੈ (ਪਹਿਲਾਂ ਇਹ ਨਾਮ ਗੁਪਤ ਸੀ, ਗੁਰੂ ਨੇ ਪ੍ਰਗਟ ਕਰ ਦਿਤਾ ਹੈ।੨।ਹੇ ਭਾਈ! ਮੈਨੂੰ) ਵੱਡੇ ਭਾਗਾਂ ਨਾਲ ਗੁਰੂ ਦਾ ਦਰਸ਼ਨ ਮਿਲਿਆ ਹੈ, (ਜਿਸ ਕਰਕੇ ਮੇਰੇ) ਸਾਰੇ ਪਾਪ ਗਵਾਚ (ਦੂਰ ਹੋ) ਗਏ ਹਨ।

ਅੰਗ ੬੯੮ = ਸਤਿਗੁਰੁ ਸਾਹੁ ਪਾਇਆ ਵਡ ਦਾਣਾ, ਹਰਿ ਕੀਏ ਬਹੁ ਗੁਣ ਸਾਝਾ ॥੩॥ ਜਿਨ ਕਉ ਕ੍ਰਿਪਾ ਕਰੀ ਜਗਜੀਵਨਿ, ਹਰਿ ਉਰਿ ਧਾਰਿਓ ਮਨ ਮਾਝਾ ॥ ਧਰਮਰਾਇ ਦਰਿ ਕਾਗਦ ਫਾਰੇ, ਜਨ ਨਾਨਕ ਲੇਖਾ ਸਮਝਾ ॥੪॥੫॥ ਮੈਂ ਵੱਡਾ ਸਿਆਣਾ ਸ਼ਾਹ ਸਤਿਗੁਰੂ ਪਾ ਲਿਆ ਹੈ, (ਜਿਸ ਨੇ ਮੈਨੂੰ) ਹਰੀ ਦੇ ਬਹੁਤੇ ਗੁਣਾਂ ਦਾ ਭਾਈਵਾਲ ਬਣਾ ਦਿਤਾ ਹੈ।੩।(ਹੇ ਭਾਈ!) ਜਗਤ ਦੇ ਜੀਵਨ ਪ੍ਰਭੂ ਨੇ ਜਿਨ੍ਹਾਂ ਪੁਰਖਾਂ ਉਤੇ ਕ੍ਰਿਪਾ ਕੀਤੀ ਹੈ, (ਉਨ੍ਹਾਂ ਨੇ ਅਪਣੇ) ਮਨ ਵਿਚ ਤੇ ਹਿਰਦੇ ਵਿਚ ਹਰੀ ਦਾ ਨਾਮ ਧਾਰਨ ਕਰ ਲਿਆ ਹੈ ।ਨਾਨਕ ਗੁਰੂ ਜੀ ਆਖਦੇ ਹਨ ਕਿ (ਅਜੇਹੇ) ਗੁਰਮੁਖ ਜਨਾਂ ਦਾ ਲੇਖਾ ਮੁੱਕ ਗਿਆ ਹੈ, ਕਿਉਂਕਿ ਧਰਮਰਾਜ ਦੇ ਦਰਬਾਰ ਵਿਚ (ਉਨ੍ਹਾਂ ਦੇ) ਕਰਮਾਂ ਦੇ ਹਿਸਾਬ ਦੇ (ਸੰਸਕਾਰ ਰੂਪ) ਸਾਰੇ ਕਾਗਜ ਪਾੜ ਦਿਤੇ ਗਏ ਹਨ।੪।੫।

ਪਦਾਰਥ = ਜਿਨ-ਜਿਨ੍ਹਾਂ ਦੇ।ਹਿਰਦੈ-ਹਿਰਦੇ ਵਿਚ।ਤਿਨ-ਉਨ੍ਹਾਂ ਦੀ।ਮਾਤ-ਮਾਂ।ਬਾਂਝਾ-ਉਹ ਇਸਤ੍ਰੀ, ਜੋ ਸੰਤਾਨ ਪੈਦਾ ਕਰਨ ਦੇ ਯੋਗ ਨਾ ਹੋਵੇ।ਸੁੰਞੀ-ਖਾਲੀ।ਦੇਹ-ਸਰੀਰ।ਓਇ-ਉਹ।ਖਪਿ ਖਪਿ-ਦੁਖੀ ਹੋ ਕੇ; ਖੱਜਲ ਖੁਆਰ ਹੋ ਕੇ।ਮੁਏ-ਮਰ ਗਏ।ਕਰਾਂਝਾ-ਕੁਰਲਾਉਂਦੇ; ਵਿਰਲਾਪ ਕਰਦੇ।੧।ਮੇਰੇ ਮਨ-ਹੇ ਮੇਰੇ ਮਨ!।ਮਾਝਾ-(ਹਿਰਦੇ) ਅੰਦਰ।ਕ੍ਰਿਪਾਲਿ-ਕ੍ਰਿਪਾ ਕਰਨ ਵਾਲੇ ਨੇ।ਧਾਰੀ-ਕੀਤੀ।ਗੁਰਿ-ਗੁਰੂ ਨੇ।ਰਹਾਉ।ਕੀਰਤਿ-ਸਿਫਤ ਸਲਾਹ।ਕਲਜੁਗਿ-ਕਲਜੁਗ ਵਿਚ।ਪਦੁ-ਪਦਵੀ।ਮਾਝਾ-ਵਿਚੋਂ (ਸੰ.ਸ.; ਫ.ਸ.); ਵਿਚੋਲੇਪਨ ਨਾਲ; ਰਾਹੀਂ (ਸ਼ਬਦਾਰਥ; ਦਰਪਣ)।ਹਉ-ਮੈਂ।ਜਿਨਿ-ਜਿਸ ਨੇ।ਗੁਪਤੁ-(ਸੰਸਾਰ ਵਿਚ) ਲੁਕਿਆ ਹੋਇਆ।ਪਰਗਾਝਾ -ਪ੍ਰਗਟ ਕਰ ਦਿਤਾ।੨।ਸਾਧ-ਗੁਰੂ।ਵਡਭਾਗੀ-ਵੱਡੇ ਭਾਗਾਂ ਨਾਲ।ਕਿਲਬਿਖ-ਪਾਪ।ਗਏ ਗਵਾਝਾ-ਗਵਾਚ (ਦੂਰ ਹੋ) ਗਏ।ਵਡ ਦਾਣਾ-ਵੱਡਾ ਸਿਆਣਾ।ਬਹੁ-ਬਹੁਤ।ਸਾਝਾ-ਸਾਂਝੀਵਾਲ।੩।ਜਿਨ ਕਉ-ਜਿਨ੍ਹਾਂ ਉਤੇ।ਜਗਜੀਵਨਿ-ਜਗਤ ਦੇ ਜੀਵਨ ਪ੍ਰਭੂ ਨੇ।ਉਰਿ -ਹਿਰਦੇ ਵਿਚ।ਧਾਰਿਓ-ਟਿਕਾ ਲਿਆ।ਦਰਿ-ਦਰਬਾਰ ਵਿਚ।ਫਾਰੇ-ਪਾੜ ਦਿਤੇ ਗਏ।ਜਨ-ਗੁਰਮੁਖ ਜਨਾਂ ਦਾ।ਲੇਖਾ-(ਕੀਤੇ ਕਰਮਾਂ ਦਾ) ਹਿਸਾਬ।ਸਮਝਾ-ਮੁੱਕ ਗਿਆ।੪।੫।

ਜੈਤਸਰੀ ਮਹਲਾ ੪ ॥ ਸਤਸੰਗਤਿ ਸਾਧ ਪਾਈ ਵਡਭਾਗੀ, ਮਨੁ ਚਲਤੌ ਭਇਓ ਅਰੂੜਾ ॥ ਅਨਹਤ ਧੁਨਿ ਵਾਜਹਿ ਨਿਤ ਵਾਜੇ, ਹਰਿ ਅੰਮ੍ਰਿਤ ਧਾਰ ਰਸਿ ਲੀੜਾ ॥੧॥ ਮੇਰੇ ਮਨ ਜਪਿ ਰਾਮਨਾਮੁ ਹਰਿ ਰੂੜਾ ॥ ਮੇਰੈ ਮਨਿ ਤਨਿ ਪ੍ਰੀਤਿ ਲਗਾਈ ਸਤਿਗੁਰਿ, ਹਰਿ ਮਿਲਿਓ ਲਾਇ ਝਪੀੜਾ ॥ਰਹਾਉ॥ ਸਾਕਤ ਬੰਧ ਭਏ ਹੈ ਮਾਇਆ, ਬਿਖੁ ਸੰਚਹਿ ਲਾਇ ਜਕੀੜਾ ॥ ਹਰਿ ਕੈ ਅਰਥਿ ਖਰਚਿ ਨਹ ਸਾਕਹਿ, ਜਮਕਾਲੁ ਸਹਹਿ ਸਿਰਿ ਪੀੜਾ ॥੨॥ ਜਿਨ ਹਰਿ ਅਰਥਿ ਸਰੀਰੁ ਲਗਾਇਆ ਗੁਰ ਸਾਧੂ ,ਬਹੁ ਸਰਧਾ ਲਾਇ ਮੁਖਿ ਧੂੜਾ ॥ ਹਲਤਿ ਪਲਤਿ ਹਰਿ ਸੋਭਾ ਪਾਵਹਿ, ਹਰਿ ਰੰਗੁ ਲਗਾ ਮਨਿ ਗੂੜਾ ॥੩॥ ਹਰਿ ਹਰਿ ਮੇਲਿ ਮੇਲਿ ਜਨ ਸਾਧੂ ,ਹਮ ਸਾਧ ਜਨਾ ਕਾ ਕੀੜਾ ॥ ਜਨ ਨਾਨਕ ਪ੍ਰੀਤਿ ਲਗੀ ਪਗ ਸਾਧ ਗੁਰ, ਮਿਲਿ ਸਾਧੂ ਪਾਖਾਣੁ ਹਰਿਓ ਮਨੁ ਮੂੜਾ ॥੪॥੬॥ (ਹੇ ਭਾਈ! ਜਿਸ ਮਨੁੱਖ ਨੇ) ਵੱਡੇ ਭਾਗਾਂ ਨਾਲ ਗੁਰੂ ਦੀ ਸਤਸੰਗਤ ਪਾ ਲਈ ਹੈ, ਉਸ ਦਾ ਚੰਚਲ ਮਨ ਸਥਿਰ ਹੋ ਗਿਆ ਹੈ।(ਜਿਸ ਨੇ) ਹਰੀ ਦੇ ਅੰਮ੍ਰਿਤ ਨਾਮ ਜਲ ਦੀ ਧਾਰ ਨੂੰ ਸੁਆਦ ਨਾਲ ਪੀਤਾ ਹੈ, (ਉਸ ਦੇ ਹਿਰਦੇ ਵਿਚ) ਅਨਹਦ ਧੁਨੀ ਦੇ ਵਾਜੇ ਵੱਜਣ ਲਗ ਪਏ ਹਨ।੧।ਹੇ ਮੇਰੇ ਮਨ! ਤੂੰ ਸੁੰਦਰ ਹਰੀ ਦਾ ਰਾਮਨਾਮ ਜਪ।ਸਤਿਗੁਰੂ ਨੇ ਮੇਰੇ ਮਨ ਵਿਚ ਤੇ ਤਨ ਵਿਚ ਹਰੀ ਦੀ ਪ੍ਰੀਤ ਲਗਾ ਦਿਤੀ ਹੈ, (ਜਿਸ ਕਰਕੇ) ਹਰੀ ਮੈਨੂੰ ਜੱਫੀ ਪਾ ਕੇ ਮਿਲਿਆ ਹੈ (ਅਪਣੇ ਨਾਲ ਮਿਲਾ ਲਿਆ)।ਰਹਾਉ।(ਹੇ ਭਾਈ!) ਸਾਕਤ ਮਨੁੱਖ ਮਾਇਆ ਦੇ ਬੰਧਨਾਂ ਵਿਚ ਬੰਨ੍ਹੇ ਹੋਏ ਹਨ ਅਤੇ ਪੂਰਾ ਜੋਰ ਲਾ ਕੇ (ਮਾਇਆ ਰੂਪ) ਜਹਿਰ ਇਕੱਠੀ ਕਰਦੇ ਹਨ।(ਉਹ) ਹਰੀ ਦੇ ਵਾਸਤੇ ਧਨ ਖਰਚ ਨਹੀਂ ਸਕਦੇ, (ਜਿਸ ਕਰਕੇ ਅੰਤ ਸਮੇਂ ਉਹ ਅਪਣੇ) ਸਿਰ ਉਤੇ ਕਾਲ ਕਰਨ ਵਾਲੇ ਜਮ ਦਾ ਦੁਖ ਸਹਿੰਦੇ ਹਨ।੨।ਜਿਨ੍ਹਾਂ ਨੇ ਅਪਣਾ ਸਰੀਰ ਹਰੀ ਵਾਸਤੇ ਲਗਾ ਦਿਤਾ ਹੈ ਅਤੇ ਬਹੁਤ ਸ਼ਰਧਾ ਨਾਲ ਸਾਧ ਗੁਰੂ ਦੇ ਚਰਨਾਂ ਦੀ ਧੂੜ ਨੂੰ ਮੁਖ ਉਤੇ ਲਾਇਆ ਹੈ ।(ਉਹ) ਹਰੀ ਪਾਸੋਂ ਲੋਕ ਪ੍ਰਲੋਕ ਵਿਚ ਸੋਭਾ ਪਾਉਂਦੇ ਹਨ, (ਕਿਉਂਕਿ ਉਨ੍ਹਾਂ ਦੇ) ਮਨ ਵਿਚ ਹਰੀ ਦਾ ਗੂੜ੍ਹਾ ਪ੍ਰੇਮ ਲੱਗਾ ਹੋਇਆ ਹੈ।੩।ਹੇ ਹਰੀ! ਮੈਨੂੰ ਸਾਧੂ ਜਨਾਂ ਦੇ ਮੇਲ (ਸੰਗਤ) ਵਿਚ ਮਿਲਾ ਦੇ, ਮੈਂ ਸਾਧੂਆਂ ਦੇ ਸੇਵਕਾਂ ਦਾ ਨਿਮਾਣਾ ਦਾਸ ਹਾਂ।ਦਾਸ ਨਾਨਕ ਦੇ ਮਨ ਵਿਚ ਸਾਧ ਗੁਰੂ ਦੇ ਚਰਨਾਂ ਦੀ ਪ੍ਰੀਤ ਲੱਗੀ ਹੋਈ ਹੈ, ਸਾਧ ਗੁਰੂ ਨੂੰ ਮਿਲ ਕੇ ਮੇਰਾ ਪੱਥਰ ਵਰਗਾ ਸੁੱਕਾ ਮੂਰਖ ਮਨ ਹਰਾ ਭਰਾ (ਨਰਮ ਭਾਵ ਦ੍ਰਵੀਭੂਤ) ਹੋ ਗਿਆ ਹੈ।੪।੬।

ਪਦਾਰਥ = ਸਾਧ-ਗੁਰੂ ਦੀ।ਚਲਤੌ-ਚੰਚਲ।ਭਇਓ ਅਰੂੜਾ-ਸਥਿਰ ਹੋ ਗਿਆ।ਅਨਹਤ ਧੁਨਿ-ਨਾਮ ਸਿਮਰਨ ਦੀ ਇਕ ਰਸ ਧੁਨੀ ।ਨਿਤ-ਹਰ ਰੋਜ।ਧਾਰ-ਨਾਮ ਜਲ ਦੀ ਧਾਰ।ਰਸਿ-ਸੁਆਦ ਨਾਲ।ਲੀੜਾ-ਪੀਤਾ ਹੈ।੧।ਮਨ-ਹੇ ਮਨ!।ਰੂੜਾ-ਸੁੰਦਰ।ਮਨਿ-ਮਨ ਵਿਚ।ਤਨਿ-ਸਰੀਰ ਵਿਚ।ਸਤਿਗੁਰਿ-ਸਤਿਗੁਰੂ ਨੇ।ਲਾਇ ਝਪੀੜਾ-ਜੱਫੀ ਪਾ ਕੇ।ਰਹਾਉ।ਸਾਕਤ-ਹਰੀ ਤੋਂ ਬੇਮੁਖ ਹੋਇਆ ਮਨੁੱਖ।ਬੰਧ ਭਏ-ਬੰਨ੍ਹੇ ਹੋਏ।ਬਿਖੁ-(ਮਾਇਆ ਰੂਪ) ਜਹਿਰ।ਸੰਚਹਿ-ਇਕੱਠੀ ਕਰਦੇ ਹਨ।ਲਾਇ ਜਕੀੜਾ-ਜੋਰ ਲਾ ਕੇ।ਕੈ-ਦੇ। ਅਰਥਿ-ਵਾਸਤੇ।ਜਮਕਾਲੁ-ਮੌਤ ਲਿਆਉਣ ਵਾਲਾ ਜਮ।ਸਹਹਿ-ਸਹਿੰਦੇ ਹਨ।ਪੀੜਾ-ਦੁਖ।੨।ਬਹੁ-ਬਹੁਤ।ਮੁਖਿ-ਮੂੰਹ ਉਤੇ।

ਧੂੜਾ–ਚਰਨ ਧੂੜ।ਹਲਤਿ–ਇਸ ਲੋਕ ਵਿਚ।ਪਲਤਿ–ਪ੍ਰਲੋਕ ਵਿਚ।ਪਾਵਹਿ–ਪਾਉਂਦੇ ਹਨ।ਰੰਗੁ–ਪ੍ਰੇਮ।੩।ਹਰਿ ਹਰਿ–ਹੇ ਹਰੀ!। ਮੇਲਿ ਮੇਲਿ–ਮੇਲ (ਸੰਗਤ) ਵਿਚ ਮਿਲਾ ਦੇ।ਹਮ–ਮੈਂ।ਕੀੜਾ–ਨਿਮਾਣਾ ਦਾਸ।ਜਨ ਨਾਨਕ–ਦਾਸ ਨਾਨਕ ਦਾ।ਪਗ ਸਾਧ ਗੁਰ–ਸ੍ਰੇਸ਼ਟ ਗੁਰੂ ਦੇ ਚਰਨਾਂ ਦੀ।ਪਾਖਾਣੁ–ਪੱਥਰ ਵਾਂਗ ਸੁੱਕਾ (ਖੁਸ਼ਕ)।ਹਰਿਓ–ਹਰਾ ਭਰਾ ਹੋ ਗਿਆ।ਮੂੜਾ–ਮੂਰਖ।੪।੬।

ਜੈਤਸਰੀ ਮਹਲਾ ੪ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥ ਹਰਿ ਹਰਿ ਸਿਮਰਹੁ ਅਗਮ ਅਪਾਰਾ ॥ ਜਿਸੁ ਸਿਮਰਤ ਦੁਖੁ ਮਿਟੈ ਹਮਾਰਾ ॥ ਹਰਿ ਹਰਿ ਸਤਿਗੁਰੁ ਪੁਰਖੁ ਮਿਲਾਵਹੁ ,ਗੁਰਿ ਮਿਲਿਐ ਸੁਖੁ ਹੋਈ ਰਾਮ ॥੧॥ ਹਰਿ ਗੁਣ ਗਾਵਹੁ ਮੀਤ ਹਮਾਰੇ ॥ ਹਰਿ ਹਰਿ ਨਾਮੁ ਰਖਹੁ ਉਰ ਧਾਰੇ ॥ ਹਰਿ ਹਰਿ ਅੰਮ੍ਰਿਤ ਬਚਨ ਸੁਣਾਵਹੁ ,ਗੁਰ ਮਿਲਿਐ ਪਰਗਟੁ ਹੋਈ ਰਾਮ ॥੨॥ ਮਧੁਸੂਦਨ ਹਰਿ ਮਾਧੋ ਪ੍ਰਾਨਾ ॥ ਮੇਰੈ ਮਨਿ ਤਨਿ ਅੰਮ੍ਰਿਤ ਮੀਠ ਲਗਾਨਾ ॥ ਹਰਿ ਹਰਿ ਦਇਆ ਕਰਹੁ ਗੁਰੁ ਮੇਲਹੁ ,ਪੁਰਖੁ ਨਿਰੰਜਨੁ ਸੋਈ ਰਾਮ ॥੩॥ ਹਰਿ ਹਰਿ ਨਾਮੁ ਸਦਾ ਸੁਖ ਦਾਤਾ ॥ ਹਰਿ ਕੈ ਰੰਗਿ ਮੇਰਾ ਮਨੁ ਰਾਤਾ ॥ ਹਰਿ ਹਰਿ ਮਹਾ ਪੁਰਖੁ ਗੁਰੁ ਮੇਲਹੁ ,ਗੁਰ ਨਾਨਕ ਨਾਮਿ ਸੁਖੁ ਹੋਈ ਰਾਮ ॥੪॥੧॥੭॥ (ਹੇ ਭਾਈ! ਤੁਸੀਂ) ਮਨ ਬਾਣੀ ਦੀ ਪਹੁੰਚ ਤੋਂ ਪਰੇ ਅਤੇ ਬੇਅੰਤ ਹਰੀ ਦਾ ਨਾਮ ਸਿਮਰੋ।ਜਿਸ ਦਾ ਸਿਮਰਨ ਕੀਤਿਆਂ ਸਾਡਾ (ਸਭ ਦਾ) ਦੁਖ ਮਿਟ ਜਾਂਦਾ ਹੈ।ਹੇ ਹਰੀ! ਸਾਨੂੰ ਸਤਿਗੁਰੂ ਪੁਰਖ ਮਿਲਾ ਦੇਵੋਂ, ਗੁਰੂ ਨਾਲ ਮਿਲਿਆਂ ਸੁਖ ਪ੍ਰਾਪਤ ਹੁੰਦਾ ਹੈ।੧।ਹੇ ਮੇਰੇ ਮਿਤ੍ਰੋ! (ਤੁਸੀਂ) ਹਰੀ ਦੇ ਗੁਣ ਗਾਇਆ ਕਰੋ।ਹਰੀ ਦਾ ਨਾਮ ਅਪਣੇ ਹਿਰਦੇ ਵਿਚ ਟਿਕਾ ਕੇ ਰੱਖੋ।(ਹੇ ਮਿਤ੍ਰੋ! ਤੁਸੀਂ ਮੈਨੂੰ) ਹਰੀ ਦੇ ਅੰਮ੍ਰਿਤ ਬਚਨ ਸੁਣਾਓ, ਗੁਰੂ ਦੇ ਮਿਲਣ ਨਾਲ ਹਰੀ (ਮਨ ਦੇ ਅੰਦਰੋਂ ਹੀ) ਪ੍ਰਗਟ ਹੋ ਜਾਂਦਾ ਹੈ।੨।ਮਧੂ ਰਾਖਸ਼ ਨੂੰ ਮਾਰਨ ਵਾਲਾ ਤੇ ਮਾਇਆ ਪਤੀ ਪ੍ਰਭੂ ਮੇਰੇ ਪ੍ਰਾਣਾਂ ਦਾ ਆਸਰਾ ਹੈ।(ਉਸ ਦਾ) ਅੰਮ੍ਰਿਤ ਨਾਮ ਮੇਰੇ ਮਨ ਵਿਚ ਤੇ ਤਨ ਵਿਚ ਮਿੱਠਾ ਲਗਦਾ ਹੈ।ਹੇ ਹਰੀ! (ਮੇਰੇ ਉਤੇ) ਦਇਆ ਕਰੋ, ਮੈਨੂੰ ਗੁਰੂ ਮਿਲਾ ਦਿਓ, ਉਹ (ਗੁਰੂ) ਮਾਇਆ ਤੋਂ ਨਿਰਲੇਪ ਸਰਬ ਵਿਆਪ ਪ੍ਰਭੂ ਦਾ ਰੂਪ ਹੈ।੩।(ਹੇ ਭਾਈ!) ਹਰਿ ਹਰਿ ਨਾਮ ਸਦਾ ਹੀ ਸੁਖ ਦੇਣ ਵਾਲਾ ਹੈ।ਹਰੀ ਦੇ ਪ੍ਰੇਮ ਰੰਗ ਵਿਚ ਮੇਰਾ ਮਨ ਰੰਗਿਆ ਗਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਹਰੀ! ਮੈਨੂੰ ਮਹਾਂ ਪੁਰਖ ਗੁਰੂ ਮਿਲਾ ਦਿਓ, (ਕਿਉਂਕਿ) ਗੁਰੂ ਦੇ ਬਖਸ਼ੇ ਨਾਮ ਵਿਚ ਜੁੜਿਆਂ ਸਦੀਵੀ ਸੁਖ ਪ੍ਰਾਪਤ ਹੁੰਦਾ ਹੈ।੪।੧।੭।

ਪਦਾਰਥ = ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਪਾਰਾ–ਪਾਰ ਰਹਿਤ (ਬੇਅੰਤ)।ਹਮਾਰਾ–ਸਾਡਾ (ਸਾਰੇ ਜੀਵਾਂ ਦਾ)।ਗੁਰਿ–ਗੁਰੂ ਨਾਲ।੧।ਮੀਤ ਹਮਾਰੇ–ਹੇ ਸਾਡੇ ਮਿਤ੍ਰੋ!।ਬਚਨ–ਬਾਣੀ।ਉਰ ਧਾਰੇ–ਹਿਰਦੇ ਵਿਚ ਟਿਕਾ ਕੇ।੨।ਮਧੁਸੂਦਨ–ਮਧੂ ਰਾਖਸ਼ ਨੂੰ ਮਾਰਨ ਵਾਲਾ ਵਿਸ਼ਨੂ (ਅਗਿਆਨ ਵਿਨਾਸ਼ਕ ਪ੍ਰਭੂ)।ਮਾਧੋ–ਮਾਇਆ ਪਤੀ ਪ੍ਰਭੂ।ਪ੍ਰਾਨਾ–ਪ੍ਰਾਣਾਂ ਦਾ।ਮਨਿ–ਮਨ ਵਿਚ।ਤਨਿ–ਸਰੀਰ ਵਿਚ।ਮੀਠ–ਮਿੱਠਾ; ਪਿਆਰਾ।ਲਗਾਨਾ–ਲਗਦਾ ਹੈ।ਪੁਰਖੁ–ਸਰਬ ਵਿਆਪਕ ਪ੍ਰਭੂ।ਨਿਰੰਜਨੁ–ਮਾਇਆ ਤੋਂ ਨਿਰਲੇਪ।ਸੋਈ–ਉਹ।੩।ਕੈ–ਦੇ।ਰੰਗਿ–ਪ੍ਰੇਮ ਵਿਚ।ਰਾਤਾ–ਰੰਗਿਆ ਗਿਆ ਹੈ।ਗੁਰ–ਗੁਰੂ ਦੇ।ਨਾਮਿ–ਨਾਮ ਵਿਚ ਜੁੜਿਆਂ।੪।੧।੭।

ਜੈਤਸਰੀ ਮਃ ੪ ॥ ਹਰਿ ਹਰਿ ਹਰਿ ਹਰਿ ਨਾਮੁ ਜਪਾਹਾ ॥ ਗੁਰਮੁਖਿ ਨਾਮੁ ਸਦਾ ਲੈ ਲਾਹਾ ॥ ਹਰਿ ਹਰਿ ਹਰਿ ਹਰਿ ਭਗਤਿ ਦ੍ਰਿੜਾਵਹੁ ,ਹਰਿ ਹਰਿ ਨਾਮੁ ਓਮਾਹਾ ਰਾਮ ॥੧॥ ਹਰਿ ਹਰਿ ਨਾਮੁ ਦਇਆਲੁ ਧਿਆਹਾ ॥ ਹਰਿ ਕੈ ਰੰਗਿ ਸਦਾ ਗੁਣ ਗਾਹਾ ॥ ਹਰਿ ਹਰਿ ਹਰਿ ਜਸੁ ਘੂਮਰਿ ਪਾਵਹੁ ,ਮਿਲਿ ਸਤ ਸੰਗ ਓਮਾਹਾ ਰਾਮ ॥੨॥ ਆਉ ਸਖੀ ਹਰਿ ਮੇਲਿ ਮਿਲਾਹਾ ॥ ਸੁਣਿ ਹਰਿ ਕਥਾ ਨਾਮੁ ਲੈ ਲਾਹਾ ॥ (ਹੇ ਭਾਈ!) ਹਰ ਵੇਲੇ ਹਰੀ ਦਾ ਹਰਿ ਹਰਿ ਨਾਮ ਜਪਿਆ ਕਰੋ।ਗੁਰੂ ਦੀ ਸ਼ਰਣ ਵਿਚ ਪੈ ਕੇ ਨਾਮ ਜਪਣ ਦਾ ਸਦਾ ਲਾਭ ਲੈ ਲਵੋ।ਹਰ ਵੇਲੇ ਹਰੀ ਦੀ ਹਰਿ ਹਰਿ ਨਾਮ ਸਿਮਰਨ ਦੀ ਭਗਤੀ (ਅਪਣੇ ਮਨ ਨੂੰ) ਦ੍ਰਿੜ ਕਰਾਵੋ, (ਕਿਉਂਕਿ) ਹਰਿ ਹਰਿ ਨਾਮ (ਮਨੁੱਖ ਦੇ ਮਨ ਵਿਚ) ਉਤਸ਼ਾਹ ਪੈਦਾ ਕਰਦਾ ਹੈ।੧।(ਹੇ ਭਾਈ!) ਪ੍ਰਭੂ ਦਇਆ ਦਾ ਘਰ ਹੈ, (ਉਸ ਦਾ) ਹਰਿ ਹਰਿ ਨਾਮ ਸਿਮਰੋ।ਹਰੀ ਦੇ ਪ੍ਰੇਮ ਵਿਚ (ਉਸ ਦੇ) ਗੁਣ ਗਾਓ।ਹਰੀ ਦਾ ਜਸ ਘੁੰਮ ਘੁੰਮ ਕੇ ਗਾਵੋ ਭਾਵ ਝੂਮ ਝੂਮ ਕੇ ਅਨੰਦ ਪ੍ਰਾਪਤ ਕਰੋ, ਅਤੇ ਸਤਸੰਗਤ ਵਿਚ ਮਿਲ ਕੇ ਅਨੰਦ ਮਾਣੋ।੨।ਹੇ ਸਖੀ! ਆਓ, ਹਰੀ ਦੇ ਮੇਲ (ਸੰਗਤ) ਵਿਚ ਮਿਲੋ।(ਸੰਗਤ ਵਿਚ) ਹਰੀ ਦੀ ਸਿਫਤ ਸਲਾਹ ਵਾਲੀ ਕਥਾ ਸੁਣ ਕੇ ਹਰੀ ਦੇ ਨਾਮ ਸਿਮਰਨ ਦਾ ਲਾਹਾ ਲੈ ਲਵੋ।

ਅੰਗ ੬੯੯ = ਹਰਿ ਹਰਿ ਕ੍ਰਿਪਾ ਧਾਰਿ ਗੁਰ ਮੇਲਹੁ ,ਗੁਰਿ ਮਿਲਿਐ ਹਰਿ ਓਮਾਹਾ ਰਾਮ ॥੩॥ ਕਰਿ ਕੀਰਤਿ ਜਸੁ ਅਗਮ ਅਥਾਹਾ ॥ ਖਿਨੁ ਖਿਨੁ ਰਾਮ ਨਾਮੁ ਗਾਵਾਹਾ ॥ ਮੋਕਉ ਧਾਰਿ ਕ੍ਰਿਪਾ ਮਿਲੀਐ ਗੁਰ ਦਾਤੇ, ਹਰਿ ਨਾਨਕ ਭਗਤਿ ਓਮਾਹਾ ਰਾਮ ॥੪॥੨॥੮॥ (ਇਸ ਤਰ੍ਹਾਂ ਅਰਦਾਸ ਕਰੋ ਕਿ) ਹੇ ਹਰੀ! ਕ੍ਰਿਪਾ ਕਰਕੇ (ਸਾਨੂੰ ਸਭ ਨੂੰ) ਗੁਰੂ ਮਿਲਾ ਦਿਓ, ਗੁਰੂ ਨਾਲ ਮਿਲਿਆਂ (ਮਨ ਵਿਚ) ਹਰੀ ਦਾ ਨਾਮ ਜਪਣ ਦਾ ਚਾਓ ਪੈਦਾ ਹੁੰਦਾ ਹੈ।੩।(ਹੇ ਭਾਈ!) ਮਨ ਬਾਣੀ ਦੀ ਪਹੁੰਚ ਤੋਂ ਪਰੇ ਅਤੇ ਅਥਾਹ ਪ੍ਰਭੂ ਦਾ ਜਸ ਕਰ, (ਉਸ ਦੀ) ਸਿਫਤ ਸਲਾਹ ਕਰਿਆ ਕਰੋ।ਹਰੇਕ ਖਿਨ ਰਾਮ ਦਾ ਨਾਮ ਜਪੋ ਤੇ (ਉਸ ਦੇ ਗੁਣ) ਗਾਓ।ਨਾਨਕ ਦੀ ਬੇਨਤੀ ਹੈ ਕਿ ਹੇ ਨਾਮ ਦੇ ਦਾਤੇ ਗੁਰੂ! ਕ੍ਰਿਪਾ ਕਰਕੇ ਮੈਨੂੰ ਮਿਲੋ, (ਤਾਂ ਜੋ ਮੇਰੇ ਅੰਦਰ) ਹਰੀ ਦੀ ਭਗਤ ਦਾ ਉਤਸ਼ਾਹ ਪੈਦਾ ਹੋਵੇ।੪।੮।

ਪਦਾਰਥ = ਜਪਾਹਾ–ਜਪੋ।ਗੁਰਮੁਖਿ–ਗੁਰੂ ਦੀ ਸ਼ਰਨ ਵਿਚ ਪੈ ਕੇ।ਲੈ ਲਾਹਾ–ਲਾਭ ਲੈ ਲਵੋ।ਦ੍ਰਿੜਾਵਹੁ–ਪੱਕੀ ਕਰਾਵੋ।ਓਮਾਹਾ–ਉਤਸ਼ਾਹ; ਚਾਓ; ਅਨੰਦ।੧।ਦਇਆਲੁ–ਦਇਆ ਦਾ ਘਰ।ਧਿਆਹਾ–ਧਿਆਵੋ।ਕੈ–ਦੇ।ਰੰਗਿ–ਪ੍ਰੇਮ ਵਿਚ।ਗਾਹਾ–ਗਾਓ।ਘੂਮਰਿ

ਪਾਵਹੁ–ਘੁੰਮ ਘੁੰਮ ਕੇ ਮਸਤ ਕਰਨ ਵਾਲਾ ਨਾਚ (ਝੂਮ ਝੂਮ ਕੇ ਅਨੰਦ ਪ੍ਰਾਪਤ ਕਰੋ)।੨।ਆਓ ਸਖੀ–ਹੇ ਸਖੀ! ਆਓ।ਹਰਿ ਮੇਲਿ –ਹਰੀ ਦੇ ਮੇਲ (ਸੰਗਤ) ਵਿਚ।ਮਿਲਾਹਾ–ਮਿਲੋ।ਲਾਹਾ–ਲਾਭ।ਧਾਰਿ–ਕਰਕੇ।ਗੁਰਿ–ਗੁਰੂ ਨਾਲ।੩।ਕੀਰਤਿ ਕਰਿ–ਸਿਫਤ ਸਲਾਹ ਕਰ।ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਥਾਹਾ–ਬਹੁਤ ਡੂੰਘਾ (ਬੇਅੰਤ); ਸਮਝ ਤੋਂ ਪਰੇ।ਖਿਨੁ ਖਿਨੁ–ਹਰੇਕ ਪਲ (ਹਰ ਸਮੇਂ)।ਗਾਵਾਹਾ–ਗਾਓ।ਮੋਕਉ–ਮੈਨੂੰ।ਧਾਰਿ ਕ੍ਰਿਪਾ–ਕ੍ਰਿਪਾ ਕਰਕੇ।ਗੁਰ ਦਾਤੇ–ਹੇ ਨਾਮ ਦੀ ਦਾਤ ਦੇਣ ਵਾਲੇ ਗੁਰੂ!।੪।੮।

ਜੈਤਸਰੀ ਮਃ ੪ ॥ ਰਸਿ ਰਸਿ ਰਾਮੁ ਰਸਾਲੁ ਸਲਾਹਾ ॥ ਮਨੁ ਰਾਮ ਨਾਮਿ ਭੀਨਾ ਲੈ ਲਾਹਾ ॥ ਖਿਨੁ ਖਿਨੁ ਭਗਤਿ ਕਰਹ ਦਿਨੁ ਰਾਤੀ ,ਗੁਰਮਤਿ ਭਗਤਿ ਓੁਮਾਹਾ ਰਾਮ ॥੧॥ ਹਰਿ ਹਰਿ ਗੁਣ ਗੋਵਿੰਦ ਜਪਾਹਾ ॥ ਮਨੁ ਤਨੁ ਜੀਤਿ ਸਬਦੁ ਲੈ ਲਾਹਾ ॥ ਗੁਰਮਤਿ ਪੰਚ ਦੂਤ ਵਸਿ ਆਵਹਿ, ਮਨਿ ਤਨਿ ਹਰਿ ਓਮਾਹਾ ਰਾਮ ॥੨॥ ਨਾਮੁ ਰਤਨੁ ਹਰਿ ਨਾਮੁ ਜਪਾਹਾ ॥ ਹਰਿ ਗੁਣ ਗਾਇ ਸਦਾ ਲੈ ਲਾਹਾ ॥ ਦੀਨ ਦਇਆਲ ਕ੍ਰਿਪਾ ਕਰਿ ਮਾਧੋ, ਹਰਿ ਹਰਿ ਨਾਮ ਓੁਮਾਹਾ ਰਾਮ ॥੩॥ ਜਪਿ ਜਗਦੀਸੁ ਜਪਉ ਮਨ ਮਾਹਾ ॥ ਹਰਿ ਹਰਿ ਜਗੰਨਾਥੁ ਜਗਿ ਲਾਹਾ ॥ ਧਨੁ ਧਨੁ ਵਡੇ ਠਾਕੁਰ ਪ੍ਰਭ ਮੇਰੇ, ਜਪਿ ਨਾਨਕ ਭਗਤਿ ਓਮਾਹਾ ਰਾਮ ॥੪॥੩॥੯॥ (ਹੇ ਭਾਈ! ਅਸੀਂ) ਰਸਾਂ ਦੇ ਘਰ ਰਾਮ ਨੂੰ ਅਨੰਦ ਨਾਲ ਸਲਾਹੁੰਦੇ ਹਾਂ।(ਸਾਡਾ) ਮਨ ਰਾਮ ਦੇ ਨਾਮ ਵਿਚ ਭਿੱਜਿਆ ਹੋਇਆ ਲਾਹਾ ਲੈ ਰਿਹਾ ਹੈ।ਦਿਨ ਰਾਤ ਹਰ ਪਲ ਅਸੀਂ (ਹਰੀ ਦੀ) ਭਗਤੀ ਕਰਦੇ ਹਾਂ, (ਕਿਉਂਕਿ) ਗੁਰੂ ਦੀ ਮੱਤ ਦੁਆਰਾ ਭਗਤੀ ਕਰਨ ਦਾ ਉਤਸ਼ਾਹ ਪੈਦਾ ਹੋਇਆ ਹੈ।੧। (ਹੇ ਭਾਈ!) ਅਸੀਂ ਗੋਬਿੰਦ ਦੇ ਗੁਣ ਗਾਉਂਦੇ ਹਾਂ ਤੇ ਹਰੀ ਦਾ ਨਾਮ ਜਪਦੇ ਹਾਂ।ਮਨ ਤੇ ਤਨ ਨੂੰ ਜਿਤ ਕੇ ਸ਼ਬਦ ਰੂਪ ਲਾਹਾ ਲੈਂਦੇ ਹਾਂ।ਗੁਰੂ ਦੀ ਮੱਤ ਦੁਆਰਾ ਪੰਜ ਕਾਮਾਦਿਕ ਦੂਤ ਵਸ ਵਿਚ ਆ ਜਾਂਦੇ ਹਨ {ਜੋਇ ਦੂਤ ਮੋਹਿ ਬਹੁਤੁ ਸੰਤਾਵਤ ਤੇ ਭਇਆਨਕ ਭਇਆ ੬੧੨}, ਮਨ ਵਿਚ ਤੇ ਤਨ ਵਿਚ ਹਰੀ ਦਾ ਨਾਮ ਜਪਣ ਦਾ ਚਾਉ ਪੈਦਾ ਹੋ ਜਾਂਦਾ ਹੈ।੨।(ਹੇ ਭਾਈ!) ਨਾਮ ਅਮੋਲਕ ਰਤਨ ਹੈ, ਹਰੀ ਦੇ (ਉਸ) ਨਾਮ ਨੂੰ ਅਸੀਂ ਜਪਦੇ ਹਾਂ।ਅਤੇ ਹਰੀ ਦੇ ਗੁਣ ਗਾ ਕੇ ਸਦਾ ਹੀ ਲਾਹਾ ਲੈ ਰਹੇ ਹਾਂ।ਹੇ ਦੀਨਾਂ ਉਤੇ ਦਇਆ ਕਰਨ ਵਾਲੇ! ਹੇ ਮਾਇਆ ਦੇ ਪਤੀ ਪ੍ਰਭੂ! (ਸਾਡੇ ਉਤੇ) ਕ੍ਰਿਪਾ ਕਰ, (ਸਾਡੇ ਮਨ ਵਿਚ) ਹਰਿ ਹਰਿ ਨਾਮ ਜਪਣ ਦਾ ਚਾਉ ਬਣਿਆ ਰਹੇ।੩।(ਹੇ ਭਾਈ!) ਜਗਤ ਦੇ ਮਾਲਕ ਹਰੀ ਨੂੰ ਰਸਨਾ ਨਾਲ ਜਪ ਕੇ ਮੈਂ (ਉਸ ਨੂੰ) ਮਨ ਵਿਚ ਵੀ ਜਪਦਾ ਹਾਂ।ਜਗਤ ਦੇ ਮਾਲਕ ਹਰੀ ਦਾ ਨਾਮ ਜਗਤ ਵਿਚ ਲਾਭ ਵਾਲਾ ਪਦਾਰਥ ਹੈ।ਹੇ ਧੰਨਤਾ ਦੇ ਯੋਗ ਮੇਰੇ ਵੱਡੇ ਮਾਲਕ ਪ੍ਰਭੂ! (ਮੇਰੇ ਉਤੇ ਮੇਹਰ ਕਰ, ਤਾਂ ਜੋ ਤੇਰਾ ਨਾਮ) ਜਪ ਕੇ ਨਾਨਕ ਦੇ ਮਨ ਵਿਚ ਭਗਤੀ ਦਾ ਚਾਉ ਬਣਿਆ ਰਹੇ।੪।੩।੯।

ਪਦਾਰਥ = ਰਸਿ ਰਸਿ–ਰਸ ਲੈ ਲੈ ਕੇ; ਅਨੰਦ ਨਾਲ।ਰਸਾਲੁ–ਰਸਾਂ ਦਾ ਘਰ; ਰਸੀਲਾ।ਸਲਾਹਾ–ਸਲਾਹੁੰਦੇ ਹਾਂ।ਨਾਮਿ ਭੀਨਾ– ਨਾਮ ਵਿਚ ਭਿੱਜਿਆ ਹੋਇਆ ਹੈ।ਲਾਹਾ–ਲਾਭ।ਖਿਨੁ ਖਿਨੁ–ਹਰ ਸਮੇਂ।ਕਰਹ–ਅਸੀਂ ਕਰਦੇ ਹਾਂ।ਗੁਰਮਤਿ–ਗੁਰੂ ਦੀ ਸਿਖਿਆ। ਉਮਾਹਾ–ਚਾਉ; ਉਤਸ਼ਾਹ।੧।ਜਪਾਹਾ–ਅਸੀਂ ਜਪਦੇ ਹਾਂ।ਜੀਤਿ–ਜਿਤ (ਵਸ ਵਿਚ ਕਰ) ਕੇ।ਪੰਚ ਦੂਤ–ਪੰਜ ਕਾਮਾਦਿਕ ਵੈਰੀ। ਵਸਿ ਆਵਹਿ–ਵਸ ਵਿਚ ਆ ਜਾਂਦੇ ਹਨ।ਮਨਿ–ਮਨ ਵਿਚ।ਤਨਿ–ਸਰੀਰ ਵਿਚ।੨।ਰਤਨੁ–ਅਮੋਲਕ ਹੀਰਾ।ਗਾਇ–ਗਾ ਕੇ।ਦੀਨ ਦਇਆਲ–ਹੇ ਗਰੀਬਾਂ ਉਤੇ ਦਇਆ ਕਰਨ ਵਾਲੇ!।ਮਾਧੋ–ਹੇ ਮਾਇਆ ਦੇ ਪਤੀ!।੩।ਜਗਦੀਸੁ–ਜਗਤ ਦਾ ਮਾਲਕ।ਜਪਉ–ਮੈਂ ਜਪਦਾ ਹਾਂ।ਮਨ ਮਾਹਾ–ਮਨ ਵਿਚ।ਜਗੰਨਾਥੁ–ਜਗਤ ਦਾ ਮਾਲਕ।ਜਗਿ–ਜਗਤ ਵਿਚ।ਧਨੁ ਧਨੁ–ਧੰਨਤਾ ਦੇ ਯੋਗ।੪।੩।੯।

ਜੈਤਸਰੀ ਮਹਲਾ ੪ ॥ ਆਪੇ ਜੋਗੀ ਜੁਗਤਿ ਜੁਗਾਹਾ ॥ ਆਪੇ ਨਿਰਭਉ ਤਾੜੀ ਲਾਹਾ ॥ ਆਪੇ ਹੀ ਆਪਿ ਆਪਿ ਵਰਤੈ, ਆਪੇ ਨਾਮਿ ਓੁਮਾਹਾ ਰਾਮ ॥੧॥ ਆਪੇ ਦੀਪ ਲੋਅ ਦੀਪਾਹਾ ॥ ਆਪੇ ਸਤਿਗੁਰੁ ਸਮੁੰਦੁ ਮਥਾਹਾ ॥ ਆਪੇ ਮਥਿ ਮਥਿ ਤਤੁ ਕਢਾਏ, ਜਪਿ ਨਾਮੁ ਰਤਨੁ ਓੁਮਾਹਾ ਰਾਮ ॥੨॥ ਸਖੀ ਮਿਲਹੁ ਮਿਲਿ ਗੁਣ ਗਾਵਾਹਾ ॥ ਗੁਰਮੁਖਿ ਨਾਮੁ ਜਪਹੁ ਹਰਿ ਲਾਹਾ ॥ ਹਰਿ ਹਰਿ ਭਗਤਿ ਦ੍ਰਿੜੀ ਮਨਿ ਭਾਈ, ਹਰਿ ਹਰਿ ਨਾਮੁ ਓੁਮਾਹਾ ਰਾਮ ॥੩॥ ਆਪੇ ਵਡ ਦਾਣਾ ਵਡ ਸਾਹਾ ॥ ਗੁਰਮੁਖਿ ਪੂੰਜੀ ਨਾਮੁ ਵਿਸਾਹਾ ॥ ਹਰਿ ਹਰਿ ਦਾਤਿ ਕਰਹੁ ਪ੍ਰਭ ਭਾਵੈ, ਗੁਣ ਨਾਨਕ ਨਾਮੁ ਓੁਮਾਹਾ ਰਾਮ ॥੪॥੪॥੧੦॥ (ਹੇ ਭਾਈ! ਪ੍ਰਭੂ) ਆਪੇ ਜੋਗੀ ਹੈ ਅਤੇ ਆਪੇ ਹੀ ਜੁੱਗਾਂ ਵਿਚ ਜੋਗ ਦੀ ਜੁਗਤੀ ਹੈ (ਹਰੀ ਨਾਲ ਜੁੜਨ ਦਾ ਤਰੀਕਾ ਵੀ ਆਪ ਹੀ ਹੈ)।ਆਪੇ ਪ੍ਰਭੂ ਭੈ ਰਹਿਤ ਹੋ ਕੇ ਸਮਾਧੀ ਲਾਉਂਦਾ ਹੈ।ਸਭ ਜਗ੍ਹਾ ਹਰੀ ਆਪੇ ਹੀ ਆਪ ਸਰਬ ਰੂਪ ਹੋ ਕੇ ਵਰਤ ਰਿਹਾ ਹੈ ਅਤੇ ਆਪੇ ਹੀ ਨਾਮ ਵਿਚ ਜੁੜਨ ਦਾ ਚਾਉ ਬਖਸ਼ਦਾ ਹੈ ।੧।ਪ੍ਰਭੂ ਆਪ ਹੀ ਸੱਤ ਦੀਪ ਤੇ ਸੱਤ ਭਵਨ ਰੂਪ ਹੈ ਅਤੇ ਆਪੇ ਹੀ ਉਨ੍ਹਾਂ ਵਿਚ ਰੋਸ਼ਨੀ ਕਰਦਾ ਹੈ।ਆਪੇ ਸਤਿਗੁਰੂ ਰੂਪ ਹੈ ਤੇ ਆਪੇ ਸਮੁੰਦਰ ਰੂਪ ਹੈ ਅਤੇ (ਆਪੇ ਸਮੁੰਦਰ ਨੂੰ) ਰਿੜਕਦਾ ਹੈ (ਅਗਾਧ ਗੱਲਾਂ ਦਾ ਨਿਰਣਾ ਕਰਦਾ ਹੈ)।ਆਪੇ ਰਿੜਕ ਰਿੜਕ ਕੇ ਗਿਆਨ ਰੂਪ ਮੱਖਣ ਕਢਦਾ ਹੈ, ਆਪੇ ਰਤਨ ਵਰਗੇ ਨਾਮ ਨੂੰ ਜਪ ਕੇ (ਜੀਵ ਦੇ ਅੰਦਰ) ਚਾਉ ਪੈਦਾ ਕਰਦਾ ਹੈ।੨।ਹੇ (ਸਤਸੰਗੀ) ਸਖੀਓ! ਆਓ ਮਿਲੋ, ਮਿਲ ਕੇ ਹਰੀ ਦੇ ਗੁਣ ਗਾਈਏ।ਗੁਰੂ ਦੀ ਸ਼ਰਣ ਵਿਚ ਪੈ ਕੇ ਹਰੀ ਦਾ ਨਾਮ ਜਪੋ, (ਮਨੁੱਖਾ ਜਨਮ ਦਾ ਇਹੋ) ਲਾਹਾ ਹੈ।(ਜਿਸ ਮਨੁੱਖ ਦੇ) ਮਨ ਵਿਚ ਹਰੀ ਦੀ ਭਗਤੀ ਚੰਗੀ ਲੱਗੀ ਹੈ ਅਤੇ ਦ੍ਰਿੜ ਕਰ ਲਈ ਹੈ, (ਉਸ ਦੇ ਮਨ ਵਿਚ) ਹਰਿ ਹਰਿ ਨਾਮ ਜਪਣ ਦਾ ਚਾਉ ਬਣਿਆ ਰਹਿੰਦਾ ਹੈ।੩।ਪ੍ਰਭੂ ਆਪ ਹੀ ਵੱਡਾ ਸਿਆਣਾ ਤੇ ਵੱਡਾ ਸ਼ਾਹ ਹੈ।ਸ਼ਰਧਾ ਰੂਪ ਪੂੰਜੀ ਦੇ

ਕੇ ਗੁਰੂ ਦੁਆਰਾ (ਉਸ ਦਾ) ਨਾਮ ਖਰੀਦੋ। ਹੇ ਪ੍ਰਭੂ! ਨਾਨਕ ਬੇਨਤੀ ਕਰਦਾ ਹੈ (ਕਿ ਮੈਨੂੰ) ਹਰਿ ਹਰਿ ਨਾਮ ਦੀ ਦਾਤ ਬਖਸ਼ਿਸ਼ ਕਰ, (ਜੋ ਤੈਨੂੰ) ਚੰਗੀ ਲਗਦੀ ਹੈ ਅਤੇ (ਮੇਰੇ ਮਨ ਵਿਚ ਤੇਰਾ) ਨਾਮ ਜਪਣ ਤੇ ਤੇਰੇ ਗੁਣ ਗਾਉਣ ਦਾ ਚਾਉ ਪੈਦਾ ਕਰ।੪।੪।੧੦।

ਪਦਾਰਥ = ਜੇਗਾਹਾ–ਸਾਰੇ ਜੁਗਾਂ ਵਿਚ। ਨਿਰਭਉ–ਭੈ ਰਹਿਤ ਹੋ ਕੇ। ਤਾੜੀ–ਸਮਾਧੀ। ਲਾਹਾ–ਲਾਉਂਦਾ ਹੈ। ਨਾਮਿ–ਨਾਮ ਰਾਹੀਂ। ਉਮਾਹਾ–ਚਾਉ; ਉਤਸ਼ਾਹ; ਅਨੰਦ।੧। ਦੀਪ–ਟਾਪੂ। ਲੋਅ–ਭਵਨ; ਲੋਕ। ਦੀਪਾਹਾ–ਪ੍ਰਕਾਸ਼ ਕਰਦਾ ਹੈ। ਮਥਾਹਾ–ਰਿੜਕਦਾ ਹੈ। ਮਥਿ–ਰਿੜਕ ਕੇ। ਤਤੁ–ਗਿਆਨ ਰੂਪ ਮਖਣ।੨। ਸਖੀ–ਹੇ ਸਖੀਓ! । ਗਾਵਾਹਾ–ਗਾਈਏ। ਗੁਰਮੁਖਿ–ਗੁਰੂ ਦੀ ਸ਼ਰਣ ਵਿਚ ਪੈ ਕੇ। ਲਾਹਾ–ਲਾਭ। ਦ੍ਰਿੜੀ–(ਮਨ ਵਿਚ) ਪੱਕੀ ਤਰ੍ਹਾਂ ਟਿਕਾ ਲਈ। ਮਨਿ–ਮਨ ਵਿਚ। ਭਾਵੈ–ਚੰਗੀ ਲੱਗੀ ਹੈ।੩। ਵਡ ਦਾਣਾ–ਵੱਡਾ ਸਿਆਣਾ । ਸਾਹੁ–ਸ਼ਾਹ। ਵਿਸਾਹਾ–ਖਰੀਦੋ।੪।੪।੧੦।

ਜੈਤਸਰੀ ਮਹਲਾ ੪ ॥ ਮਿਲਿ ਸਤਸੰਗਤਿ ਸੰਗਿ ਗੁਰਾਹਾ ॥ ਪੂੰਜੀ ਨਾਮੁ ਗੁਰਮੁਖਿ ਵੇਸਾਹਾ ॥ ਹਰਿ ਹਰਿ ਕ੍ਰਿਪਾ ਧਾਰਿ ਮਧੁਸੂਦਨ, ਮਿਲਿ ਸਤਸੰਗਿ ਉਮਾਹਾ ਰਾਮ ॥੧॥ ਹਰਿ ਗੁਣ ਬਾਣੀ ਸ੍ਰਵਣਿ ਸੁਣਾਹਾ ॥ ਕਰਿ ਕਿਰਪਾ ਸਤਿਗੁਰੂ ਮਿਲਾਹਾ ॥ ਗੁਣ ਗਾਵਹ ਗੁਣ ਬੋਲਹ ਬਾਣੀ, ਹਰਿ ਗੁਣ ਜਪਿ ਉਮਾਹਾ ਰਾਮ ॥੨॥ ਸਭਿ ਤੀਰਥ ਵਰਤ ਜਗ ਪੁੰਨ ਤੁੋਲਾਹਾ ॥ ਹਰਿ ਹਰਿ ਨਾਮ ਨ ਪੁਜਹਿ ਪੁਜਾਹਾ ॥ ਹਰਿ ਹਰਿ ਅਤੁਲੁ ਤੋਲੁ ਅਤਿ ਭਾਰੀ, ਗੁਰਮਤਿ ਜਪਿ ਉਮਾਹਾ ਰਾਮ ॥੩॥ ਸਭਿ ਕਰਮ ਧਰਮ ਹਰਿ ਨਾਮੁ ਜਪਾਹਾ ॥ ਕਿਲਵਿਖ ਮੈਲੁ ਪਾਪ ਧੋਵਾਹਾ ॥ ਦੀਨ ਦਇਆਲ ਹੋਹੁ ਜਨ ਊਪਰਿ, ਦੇਹੁ ਨਾਨਕ ਨਾਮੁ ਉਮਾਹਾ ਰਾਮ ॥੪॥੫॥੧੧॥ (ਹੇ ਭਾਈ!) ਸਤ ਸੰਗਤ ਵਿਚ ਗੁਰੂ ਨਾਲ ਮਿਲ ਕੇ ਨਾਮ ਰੂਪ ਪੂੰਜੀ ਗੁਰੂ ਰਾਹੀਂ ਖਰੀਦੋ। ਹੇ ਮਧੂ ਰਾਖਸ਼ ਨੂੰ ਮਾਰਨ ਵਾਲੇ ਹਰੀ! ਐਸੀ ਕ੍ਰਿਪਾ ਕਰ ਕਿ ਸਤਸੰਗਤ ਨਾਲ ਮਿਲ ਕੇ (ਸਾਡੇ ਅੰਦਰ) ਰਾਮ ਦਾ ਨਾਮ ਜਪਣ ਦਾ ਚਾਉ ਬਣਿਆ ਰਹੇ।੧। ਹੇ ਹਰੀ! ਕ੍ਰਿਪਾ ਕਰਕੇ ਸਾਨੂੰ ਸਤਿਗੁਰੂ ਮਿਲਾ ਦੇਹ, (ਤਾਂ ਕਿ ਅਸੀਂ) ਕੰਨਾਂ ਨਾਲ ਤੇਰੇ ਗੁਣਾਂ ਵਾਲੀ ਬਾਣੀ ਸੁਣਦੇ ਰਹੀਏ। ਅਸੀਂ ਗੁਣ ਗਾਈਏ, ਗੁਣਾਂ ਵਾਲੀ ਬਾਣੀ ਪੜ੍ਹੀਏ ਅਤੇ ਹਰੀ ਦੇ ਗੁਣ ਚੇਤੇ ਕਰਕੇ (ਸਾਡੇ ਅੰਦਰ ਨਾਮ ਜਪਣ ਦਾ) ਚਾਉ ਪੈਦਾ ਹੋਵੇ।੨। (ਹੇ ਭਾਈ! ਜੇ) ਸਾਰੇ ਤੀਰਥਾਂ ਦਾ ਇਸ਼ਨਾਨ, ਵਰਤ, ਜਗ ਤੇ ਪੁੰਨ ਆਦਿ ਕਰਮ (ਇਕੱਠੇ ਕਰਕੇ) ਤੋਲੀਏ, (ਤਾਂ ਇਹ ਸਾਰੇ) ਹਰੀ ਦੇ ਨਾਮ ਦੇ ਬਰਾਬਰ ਪੁਜਾਏ ਹੋਏ ਨਹੀਂ ਪੁਜ ਸਕਦੇ। ਹਰਿ ਹਰਿ ਨਾਮ ਦਾ ਤੋਲ ਬਹੁਤ ਭਾਰੀ ਹੈ, ਤੋਲਿਆ ਨਹੀਂ ਜਾ ਸਕਦਾ, ਗੁਰੂ ਦੀ ਸਿੱਖਿਆ ਦੁਆਰਾ (ਇਹ ਨਾਮ) ਜਪ ਕੇ ਉਤਸ਼ਾਹ ਪੈਦਾ ਹੁੰਦਾ ਹੈ।੩। (ਹੇ ਭਾਈ!) ਹਰੀ ਦਾ ਨਾਮ ਜਪੋ, ਸਾਰੇ ਕਰਮ ਧਰਮ (ਨਾਮ ਸਿਮਰਨ ਵਿਚ ਹੀ) ਆ ਜਾਂਦੇ ਹਨ। (ਨਾਮ ਜਪਣ ਨਾਲ ਸਾਰੇ) ਪਾਪਾਂ ਦੀ ਮੈਲ ਧੋ ਹੋ ਜਾਂਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਹਰੀ! ਨਿਮਾਣੇ ਦਾਸ ਉਤੇ ਦਇਆਲੂ ਹੋਵੋ ਅਤੇ ਨਾਮ ਜਪਣ ਦਾ ਉਤਸ਼ਾਹ ਬਖਸ਼ ਦਿਓ।੪।੫।੧੧।

ਪਦਾਰਥ = ਮਿਲਿ–ਮਿਲ ਕੇ। ਸੰਗਿ ਗੁਰਾਹਾ–ਗੁਰੂ ਨਾਲ। ਗੁਰਮੁਖਿ–ਗੁਰੂ ਰਾਹੀਂ। ਵੇਸਾਹਾ–ਖਰੀਦੋ। ਹਰਿ ਹਰਿ–ਹੇ ਹਰੀ!। ਮਧੁਸੂਦਨ –ਮਧੂ ਦੈਂਤ ਨੂੰ ਮਾਰਨ (ਹੰਕਾਰ ਨੂੰ ਨਾਸ਼ ਕਰਨ) ਵਾਲਾ। ਉਮਾਹਾ–ਚਾਉ; ਉਤਸ਼ਾਹ।੧। ਸ੍ਰਵਣਿ–ਕੰਨਾਂ ਨਾਲ। ਸੁਣਾਹਾ–ਸੁਣੀਏ। ਮਿਲਾਹਾ–ਮਿਲਾ ਦੇਹ। ਗਾਵਹ–ਅਸੀਂ ਗਾਈਏ। ਬੋਲਹ–ਅਸੀਂ ਬੋਲੀਏ (ਪੜ੍ਹੀਏ)। ਜਪਿ–ਜਪ (ਚੇਤੇ ਕਰ) ਕੇ।੨। ਸਭਿ–ਸਾਰੇ। ਵਰਤ–ਅੰਨ ਨਾ ਖਾਣਾ (ਭੁੱਖੇ ਰਹਿਣਾ)। ਜਗ–ਜੱਗ ਕਰਨੇ। ਤੁੋਲਾਹਾ–ਜੇ ਤੋਲੀਏ। ਨ ਪੁਜਹਿ ਪੁਜਾਹਾ–ਪੁਜਾਏ ਹੋਏ ਨਹੀਂ ਪੁਜ ਸਕਦੇ । ਅਤੁਲੁ–ਨਾ ਤੋਲਿਆ ਜਾਣ ਵਾਲਾ। ਅਤਿ–ਬਹੁਤ। ਗੁਰਮਤਿ–ਗੁਰੂ ਦੀ ਸਿਖਿਆ ਦੁਆਰਾ।੩। ਕਿਲਵਿਖ–ਪਾਪ। ਧੋਵਾਹਾ–ਧੋ ਹੋ ਜਾਂਦੇ ਹਨ। ਦੀਨ–ਗਰੀਬ; ਅਨਾਥ। ਹੋਹੁ–ਹੋਵੋ। ਜਨ–ਦਾਸ। ਦੇਹੁ–ਬਖਸ਼ ਦਿਓ।੪।੫।੧੧।

ਅੰਗ ੭੦੦ = ਜੈਤਸਰੀ ਮਹਲਾ ੫ ਘਰੁ ੩ ੴ ਸਤਿਗੁਰ ਪ੍ਰਸਾਦਿ ॥ ਕੋਈ ਜਾਨੈ ਕਵਨੁ ਈਹਾ ਜਗਿ ਮੀਤੁ ॥ ਜਿਸੁ ਹੋਇ ਕ੍ਰਿਪਾਲੁ ਸੋਈ ਬਿਧਿ ਬੂਝੈ, ਤਾ ਕੀ ਨਿਰਮਲ ਰੀਤਿ ॥੧॥ਰਹਾਉ॥ ਮਾਤ ਪਿਤਾ ਬਨਿਤਾ ਸੁਤ ਬੰਧਪ, ਇਸਟ ਮੀਤ ਅਰੁ ਭਾਈ ॥ ਪੂਰਬ ਜਨਮ ਕੇ ਮਿਲੇ ਸੰਜੋਗੀ, ਅੰਤਹਿ ਕੋ ਨ ਸਹਾਈ ॥੧॥ ਮੁਕਤਿ ਮਾਲ ਕਨਿਕ ਲਾਲ ਹੀਰਾ, ਮਨ ਰੰਜਨ ਕੀ ਮਾਇਆ ॥ ਹਾ ਹਾ ਕਰਤ ਬਿਹਾਨੀ ਅਵਧਹਿ, ਤਾ ਮਹਿ ਸੰਤੋਖੁ ਨ ਪਾਇਆ ॥੨॥ ਹਸਤਿ ਰਥ ਅਸ੍ਵ ਪਵਨ ਤੇਜ, ਧਣੀ ਭੂਮਨ ਚਤੁਰਾਂਗਾ ॥ ਸੰਗਿ ਨ ਚਾਲਿਓ ਇਨ ਮਹਿ ਕਛੂਐ, ਊਠਿ ਸਿਧਾਇਓ ਨਾਂਗਾ ॥੩॥ ਹਰਿ ਕੇ ਸੰਤ ਪ੍ਰਿਅ ਪ੍ਰੀਤਮ ਪ੍ਰਭ ਕੇ, ਤਾ ਕੈ ਹਰਿ ਹਰਿ ਗਾਈਐ ॥ ਨਾਨਕ ਈਹਾ ਸੁਖੁ ਆਗੈ ਮੁਖ ਊਜਲ, ਸੰਗਿ ਸੰਤਨ ਕੈ ਪਾਈਐ ॥੪॥੧॥ (ਹੇ ਭਾਈ!) ਕੋਈ ਵਿਰਲਾ ਮਨੁੱਖ ਹੀ ਜਾਣਦਾ ਹੈ ਕਿ ਇਸ ਜਗਤ ਵਿਚ ਕੌਣ (ਸਾਡਾ ਸੱਚਾ) ਮਿਤ੍ਰ ਹੈ? ਜਿਸ ਮਨੁੱਖ ਉਤੇ ਪ੍ਰਭੂ ਮੇਹਰਵਾਨ ਹੋਵੇ, ਉਹ ਹੀ ਇਸ ਵਿਧੀ ਨੂੰ ਸਮਝਦਾ ਹੈ (ਕਿ ਹਰੀ ਹੀ ਸੱਚਾ ਮਿਤ੍ਰ ਹੈ) ਅਤੇ ਉਸੇ ਮਨੁੱਖ ਦੀ ਜੀਵਨ ਜਾਚ ਪਵਿਤ੍ਰ ਹੁੰਦੀ ਹੈ।੧।ਰਹਾਉ। ਮਾਤਾ ਪਿਤਾ, ਇਸਤ੍ਰੀ, ਪੁਤ੍ਰ ,ਰਿਸ਼ਤੇਦਾਰ, ਪਿਆਰੇ ਮਿਤ੍ਰ ਅਤੇ ਭਰਾ। (ਇਹ ਸਾਰੇ) ਪਿਛਲੇ ਜਨਮਾਂ ਦੇ ਸੰਜੋਗ ਨਾਲ ਆ ਕੇ ਮਿਲੇ ਹਨ, (ਪਰ ਇਨ੍ਹਾਂ ਵਿਚੋਂ) ਅੰਤ ਸਮੇਂ ਕੋਈ ਵੀ ਸਹਾਈ ਨਹੀਂ ਹੁੰਦਾ।੧। (ਹੇ ਭਾਈ!) ਮੋਤੀਆਂ ਦੀ ਮਾਲਾ, ਸੋਨਾ, ਲਾਲ ਅਤੇ ਹੀਰਾ, (ਇਹ ਸਭ ਕੀਮਤੀ ਚੀਜਾਂ) ਮਨ ਨੂੰ ਖੁਸ਼ ਕਰਨ ਵਾਲੀ ਮਾਇਆ ਹੈ। (ਮਾਇਆ ਆਉਣ ਦੀ ਖੁਸ਼ੀ ਵਿਚ ਜਾਂ ਮਾਇਆ ਚਲੇ ਜਾਣ ਦੇ ਦੁਖ ਵਿਚ ਮਨੁੱਖ

ਦੀ ਸਾਰੀ) ਉਮਰ ਹਾਇ ਹਾਇ ਕਰਦਿਆਂ ਬੀਤ ਜਾਂਦੀ ਹੈ, ਪਰ ਇਨ੍ਹਾਂ ਚੀਜਾਂ ਵਿਚ (ਕਿਸੇ ਨੇ ਵੀ) ਸੰਤੋਖ ਨਹੀਂ ਪਾਇਆ (ਕੋਈ ਵੀ ਰੱਜ ਨਹੀਂ ਸਕਿਆ)।੨।(ਹੇ ਭਾਈ! ਭਾਵੇਂ ਮਨੁੱਖ ਕੋਲ) ਹਾਥੀ, ਰਥ, ਹਵਾ ਵਾਂਗ ਤੇਜ ਦੌੜਨ ਵਾਲੇ ਘੋੜੇ ਹੋਣ ਤੇ (ਭਾਵੇਂ ਉਹ) ਧਨ ਵਾਲਾ ਤੇ ਜਮੀਨਾਂ ਵਾਲਾ ਹੋਵੇ ਅਤੇ (ਰਾਜਾ ਬਣ ਕੇ) ਚਾਰ ਤਰ੍ਹਾਂ ਦੀ ਫੌਜ ਦਾ ਮਾਲਕ ਵੀ ਹੋਵੇ।ਇਨ੍ਹਾਂ ਵਿਚੋਂ ਕੁਛ ਵੀ (ਮਨੁੱਖ ਦੇ) ਨਾਲ ਨਹੀਂ ਜਾਂਦਾ, (ਉਹ ਇਸ ਦੁਨੀਆਂ ਵਿਚੋਂ) ਉਠ ਕੇ ਨੰਗਾ (ਬੇਇੱਜਤ ਹੋ ਕੇ) ਚਲੇ ਜਾਂਦਾ ਹੈ।੩।ਹਰੀ ਪ੍ਰਭੂ ਦੇ ਪਿਆਰੇ ਸੰਤ ਜੋ ਹਨ, ਉਨ੍ਹਾਂ ਦੇ ਨਾਲ ਮਿਲ ਕੇ ਹਰੀ ਦੇ ਗੁਣ ਗਾਉਣੇ ਚਾਹੀਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਸੰਤਾਂ ਦੀ ਸੰਗਤ ਕਰਕੇ ਇਸ ਦੁਨੀਆਂ ਵਿਚ ਸੁਖ ਪਾਈਦਾ ਹੈ ਅਤੇ ਅੱਗੇ ਪ੍ਰਲੋਕ ਵਿਚ ਵੀ ਮੁਖ ਉਜਲ ਹੁੰਦਾ ਹੈ।੪।੧।

ਪਦਾਰਥ = ਕਵਨੁ–ਕੌਣ।ਈਹਾ ਜਗਿ–ਇਸ ਜਗਤ ਵਿਚ।ਸੋਈ–ਉਹ ਹੀ।ਬਿਧਿ–ਜੁਗਤੀ।ਬੂਝੈ–ਸਮਝਦਾ ਹੈ।ਤਾ ਕੀ–ਉਸ ਦੀ। ਨਿਰਮਲ ਰੀਤਿ–ਜੀਵਨ ਜਿਉਣ ਦੀ ਮਰਿਆਦਾ ਪਵਿਤ੍ਰ ਹੈ।੧।ਰਹਾਉ।ਮਾਤ–ਮਾਤਾ।ਬਨਿਤਾ–ਇਸਤ੍ਰੀ।ਸੁਤ–ਪੁਤ੍ਰ।ਬੰਧਪ–ਰਿਸ਼ਤੇ ਦਾਰ।ਇਸਟ ਮੀਤ–ਪਿਆਰੇ ਮਿਤ੍ਰ।ਅਰੁ–ਅਤੇ।ਭਾਈ–ਭਰਾ।ਪੂਰਬ ਜਨਮ ਕੇ–ਪਹਿਲੇ ਜਨਮਾਂ ਦੇ।ਸੰਜੋਗੀ–ਸੰਜੋਗਾਂ ਨਾਲ (ਕੀਤੇ ਕਰਮਾਂ ਅਤੇ ਲੈਣ ਦੇਣ ਦੇ ਸਬੰਧ ਹੋਣ ਕਰਕੇ)।ਅੰਤਹਿ–ਅੰਤ ਸਮੇਂ।ਕੋ–ਕੋਈ।ਸਹਾਈ–ਸਾਥੀ; ਸਹਾਇਤਾ ਕਰਨਾ ਵਾਲਾ।੧ ।ਮੁਕਤਿ ਮਾਲ–ਮੋਤੀਆਂ ਦੀ ਮਾਲਾ।ਕਨਿਕ–ਸੋਨਾ।ਲਾਲ–ਬਹੁਤ ਕੀਮਤੀ ਰਤਨ।ਮਨ ਰੰਜਨ–ਮਨ ਨੂੰ ਖੁਸ਼ ਕਰਨ ਵਾਲੀ।ਹਾ ਹਾ ਕਰਤ–ਹਾਇ ਹਾਇ ਕਰਦਿਆਂ।ਬਿਹਾਨੀ–ਬੀਤ ਜਾਂਦੀ ਹੈ।ਅਵਧਹਿ–ਉਮਰ।ਤਾ ਮਹਿ–ਇਨ੍ਹਾਂ ਵਿਚ।ਸੰਤੋਖੁ–ਸ਼ਾਂਤੀ; ਰੱਜ।੨। ਹਸਤਿ–ਹਾਥੀ।ਅਸ੍ਵ–ਘੋੜੇ।ਪਵਨ ਤੇਜ–ਹਵਾ ਵਾਂਗ ਤੇਜ ਦੌੜਨ ਵਾਲੇ।ਧਣੀ–ਧਨ ਵਾਲਾ।ਭੂਮਨ–ਜਮੀਨਾਂ ਦਾ ਮਾਲਕ।ਚਤੁਰਾਂਗਾ–ਚਾਰ ਤਰ੍ਹਾਂ ਦੀ (ਹਾਥੀ ਘੋੜੇ ਰਥ ਤੇ ਪੈਦਲ) ਫੌਜ।ਸੰਗਿ–ਨਾਲ।ਨ ਚਾਲਿਓ–ਨਹੀਂ ਚਲਿਆ (ਗਿਆ)।ਇਨ ਮਹਿ–ਇਨ੍ਹਾਂ ਵਿਚੋਂ। ਕਛੂਐ–ਕੁਛ ਵੀ।ਊਠਿ ਸਿਧਾਇਓ–ਉਠ ਕੇ ਚਲੇ ਜਾਂਦਾ ਹੈ।ਨਾਂਗਾ–ਨੰਗਾ।੩।ਪ੍ਰਿਅ–ਪਿਆਰੇ।ਤਾ ਕੈ–ਉਨ੍ਹਾਂ ਦੇ (ਨਾਲ ਮਿਲ ਕੇ) ।ਈਹਾ–ਇਸ ਦੁਨੀਆਂ ਵਿਚ।ਆਗੈ–ਅੱਗੇ ਪ੍ਰਲੋਕ ਵਿਚ।ਸੰਗਿ ਸੰਤਨ ਕੈ–ਸੰਤਾਂ ਦੀ ਸੰਗਤ ਕਰਕੇ।੪।੧।

ਜੈਤਸਰੀ ਮਹਲਾ ੫ ਘਰੁ ੩ ਦੁਪਦੇ ੴ ਸਤਿਗੁਰ ਪ੍ਰਸਾਦਿ ॥ ਦੇਹੁ ਸੰਦੇਸਰੋ ਕਹੀਅਉ ਪ੍ਰਿਅ ਕਹੀਅਉ ॥ ਬਿਸਮੁ ਭਈ ਮੈ ਬਹੁ ਬਿਧਿ ਸੁਨਤੇ, ਕਹਹੁ ਸੁਹਾਗਨਿ ਸਹੀਅਉ ॥੧॥ਰਹਾਉ॥ ਕੋ ਕਹਤੋ ਸਭ ਬਾਹਰਿ ਬਾਹਰਿ, ਕੋ ਕਹਤੋ ਸਭ ਮਹੀਅਉ ॥ ਬਰਨੁ ਨ ਦੀਸੈ ਚਿਹਨੁ ਨ ਲਖੀਐ, ਸੁਹਾਗਨਿ ਸਾਤਿ ਬੁਝਹੀਅਉ ॥੧॥ ਸਰਬ ਨਿਵਾਸੀ ਘਟਿ ਘਟਿ ਵਾਸੀ, ਲੇਪੁ ਨਹੀ ਅਲਪਹੀਅਉ ॥ ਨਾਨਕ ਕਹਤ ਸੁਨਹੁ ਰੇ ਲੋਗਾ, ਸੰਤ ਰਸਨ ਕੋ ਬਸਹੀਅਉ ॥੨॥੧॥੨॥ (ਅੰਨਵੈ ਅੱਖਰ) ਹੇ ਸੁਹਾਗਣ ਸਹੇਲੀਓ (ਹਰੀ ਨੂੰ ਮਿਲੇ ਹੋਏ ਗੁਰ ਸਿਖੋ)! ਦੱਸੋ, ਮੈਨੂੰ ਪਿਆਰੇ ਪ੍ਰਭੂ ਦਾ ਸੁਨੇਹਾ ਦਸ ਦੇਵੋ, ਜਰੂਰ ਦੱਸੋ।ਮੈਂ (ਉਸ ਬਾਰੇ) ਬਹੁਤ ਤਰ੍ਹਾਂ ਦੀਆਂ ਗੱਲਾਂ ਸੁਣ ਕੇ ਹੈਰਾਨ ਹੋ ਰਹੀ ਹਾਂ।੧।ਰਹਾਉ।ਕੋਈ ਕਹਿੰਦਾ ਹੈ ਕਿ (ਹਰੀ ਦਿਸਣ ਵਾਲੀਆਂ) ਸਭ ਚੀਜਾਂ ਤੋਂ ਬਾਹਰ ਤੋਂ ਬਾਹਰ (ਪਰੇ ਤੋਂ ਪਰੇ) ਹੈ ਅਤੇ ਕੋਈ ਕਹਿੰਦਾ ਹੈ ਕਿ ਹਰੀ ਸਭ ਦੇ ਅੰਦਰ ਵਸਦਾ ਹੈ।ਹਰੀ ਦਾ ਕੋਈ ਰੰਗ ਨਹੀਂ ਦਿਸਦਾ, ਨਾ ਹੀ ਕੋਈ ਨਿਸ਼ਾਨ ਦਿਸਦਾ ਹੈ, ਹੇ ਸੁਹਾਗਣੋ (ਗੁਰ ਸਿਖੋ)! ਤੁਸੀਂ ਮੈਨੂੰ ਸੱਚ ਸਮਝਾ ਦਿਓ (ਹੁਣ ਸੁਹਾਗਣ ਸਹੇਲੀ ਅਗਲੀਆਂ ਤੁਕਾਂ ਵਿਚ ਸਮਝਾਉਂਦੀ ਹੈ)।੧।ਹਰੀ ਸਭ ਜਗ੍ਹਾ ਨਿਵਾਸ ਕਰਦਾ ਹੈ, ਹਰੇਕ ਜੀਵ ਦੇ ਹਿਰਦੇ ਵਿਚ ਵਸਣ ਵਾਲਾ ਹੈ, (ਉਸ ਨੂੰ ਕਿਸੇ ਤਰ੍ਹਾਂ ਦਾ) ਦਾਗ ਨਹੀਂ ਲਗਦਾ, ਉਹ ਨਿਰਲੇਪ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਲੋਕੋ! ਸੁਣੋ, ਹਰੀ ਸੰਤਾਂ ਦੀ ਰਸਨਾ ਉਤੇ ਵਸਦਾ ਹੈ (ਸੰਤ ਹਰੀ ਨੂੰ ਬੜੇ ਪ੍ਰੇਮ ਨਾਲ ਸਿਮਰਦੇ ਹਨ, ਉਨ੍ਹਾਂ ਦੇ ਬਚਨਾਂ ਤੋਂ ਹਰੀ ਦਾ ਪਤਾ ਲਗਦਾ ਹੈ)।੨।੧।੨।

ਦੇਹੁ ਸੰਦੇਸਰੋ = ਮੈਨੂੰ ਪਿਆਰੇ ਪ੍ਰਭੂ ਦਾ ਸੰਦੇਸਾ ਦੇਵੋ, ਦੱਸੋ, ਉਹ ਕਿੱਥੇ ਵਸਦਾ ਹੈ? (ਸੰਪ੍ਰਦਾਵਾਂ ਨੇ ਦੋਵੇਂ ਅਰਥ ਕੀਤੇ ਹਨ)।

ਪਦਾਰਥ = ਦੁਪਦੇ–ਦੋ ਪਦਿਆਂ ਵਾਲੇ ਸ਼ਬਦ।ਦੇਹੁ–ਦੇਵੋ।ਸੰਦੇਸਰੋ–ਸੁਨੇਹਾ।ਪ੍ਰਿਅ–ਪਿਆਰੇ ਹਰੀ ਦਾ।ਕਹੀਅਉ–ਕਹੋ (ਦੱਸੋ)। ਬਿਸਮੁ–ਹੈਰਾਨ।ਭਈ–ਹੋ ਰਹੀ ਹਾਂ।ਬਹੁ ਬਿਧਿ–ਬਹੁਤ ਤਰ੍ਹਾਂ ਦੀਆਂ।ਸੁਨਤੇ–ਸੁਣ ਕੇ।ਸੁਹਾਗਨਿ ਸਹੀਅਉ–ਹੇ ਸੁਹਾਗਣ ਸਹੇਲੀਓ! ।ਕਹਹੁ–ਕਹੋ।੧।ਰਹਾਉ।ਕੋ–ਕੋਈ।ਕਹਤੋ–ਕਹਿੰਦਾ ਹੈ।ਬਾਹਰਿ ਬਾਹਰਿ–ਬਾਹਰ ਤੋਂ ਬਾਹਰ (ਪਰੇ ਤੋਂ ਪਰੇ)।ਸਭ ਮਹੀਅਉ–ਸਭ ਦੇ ਵਿਚ ਵਸਦਾ ਹੈ।ਬਰਨੁ–(ਕਾਲਾ ਲਾਲ ਪੀਲਾ ਆਦਿ) ਰੰਗ।ਚਿਹਨੁ–(ਸਰੀਰ ਉਤੇ ਰੇਖਾਵਾਂ ਆਦਿ ਦੇ) ਨਿਸ਼ਾਨ (ਚਿੰਨ੍ਹ)। ਨ ਲਖੀਐ–ਦਿਸਦਾ ਨਹੀਂ।ਸਾਤਿ–ਸੱਚ; ਠੀਕ ਠੀਕ।ਬੁਝਹੀਅਉ–ਸਮਝਾ ਦਿਓ।੧।ਸਰਬ–ਸਭ (ਜਗ੍ਹਾ)।ਨਿਵਾਸੀ–ਨਿਵਾਸ ਕਰਨ ਵਾਲਾ।ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਵਿਚ।ਵਾਸੀ–ਵਸਣ ਵਾਲਾ।ਲੇਪੁ–ਦਾਗ; ਮੈਲ।ਅਲਪਹੀਅਉ–ਨਿਰਲੇਪ ਹੈ।ਰੇ ਲੋਗਾ–ਹੇ ਲੋਕੋ!।ਸੰਤ ਰਸਨ ਕੋ–ਸੰਤਾਂ ਦੀ ਜੀਭ ਉਤੇ।ਬਸਹੀਅਉ–ਵਸਦਾ ਹੈ।੨।੧।੨।

ਜੈਤਸਰੀ ਮਃ ੫ ॥ ਧੀਰਉ ਸੁਨਿ ਧੀਰਉ ਪ੍ਰਭ ਕਉ ॥੧॥ਰਹਾਉ॥ ਜੀਅ ਪ੍ਰਾਨ ਮਨੁ ਤਨੁ ਸਭੁ ਅਰਪਉ ,ਨੀਰਉ ਪੇਖਿ ਪ੍ਰਭ ਕਉ ਨੀਰਉ ॥੧॥ ਬੇਸੁਮਾਰ ਬੇਅੰਤੁ ਬਡ ਦਾਤਾ, ਮਨਹਿ ਗਹੀਰਉ ਪੇਖਿ ਪ੍ਰਭ ਕਉ ॥੨॥ ਜੋ ਚਾਹਉ ਸੋਈ ਸੋਈ ਪਾਵਉ ,ਆਸਾ ਮਨਸਾ ਪੂਰਉ ਜਪਿ ਪ੍ਰਭ ਕਉ ॥੩॥ ਗੁਰ ਪ੍ਰਸਾਦਿ ਨਾਨਕ ਮਨਿ ਵਸਿਆ, ਦੂਖਿ ਨ ਕਬਹੂ ਝੂਰਉ ਬੁਝਿ ਪ੍ਰਭ ਕਉ ॥੪॥੨॥੩॥ (ਹੇ ਭਾਈ!) ਪ੍ਰਭੂ ਦੇ ਜਸ ਨੂੰ ਸੁਣ ਕੇ ਮਨ ਵਿਚ ਤੇ ਤਨ ਵਿਚ ਧੀਰਜ (ਆਦਿ ਗੁਣ) ਮੈਂ ਪ੍ਰਾਪਤ ਕਰ ਲਵਾਂ।੧।ਰਹਾਉ।ਪ੍ਰਭੂ ਨੂੰ ਨੇੜੇ

ਤੋਂ ਨੇੜੇ ਦੇਖ ਕੇ (ਦਿਲ ਕਰਦਾ ਹੈ ਕਿ ਉਸ ਨੂੰ) ਮੈਂ ਜਿੰਦ, ਪ੍ਰਾਣ, ਮਨ ਤੇ ਤਨ ਸਭ ਕੁਛ ਅਰਪਣ ਕਰ ਦੇਵਾਂ।੧।ਪ੍ਰਭੂ ਬੇਸ਼ੁਮਾਰ ਬੇਅੰਤ ਤੇ ਵੱਡਾ ਦਾਤਾ ਹੈ, ਪ੍ਰਭੂ ਨੂੰ ਦੇਖ ਕੇ ਮਨ ਵਿਚ ਗ੍ਰਹਿਣ ਕਰੀ (ਟਿਕਾਈ) ਰੱਖਾਂ।੨।ਜੋ ਵਸਤੂ ਮੈਂ ਚਾਹਵਾਂ, ਉਹ ਉਹ ਹੀ (ਪ੍ਰਭੂ ਤੋਂ) ਪ੍ਰਾਪਤ ਕਰ ਲਵਾਂ, ਪ੍ਰਭੂ ਨੂੰ ਜਪ ਕੇ (ਅਪਣੇ ਮਨ ਦੀ) ਆਸਾ ਤੇ ਇੱਛਾ ਪੂਰੀਆਂ ਕਰਾਂ।੩।ਗੁਰੂ ਦੀ ਕ੍ਰਿਪਾ ਨਾਲ ਪ੍ਰਭੂ ਨਾਨਕ ਦੇ ਮਨ ਵਿਚ ਵਸਿਆ ਹੈ ਅਤੇ ਪ੍ਰਭੂ ਨੂੰ ਸਮਝ ਕੇ ਕਦੇ ਵੀ ਮੈਂ ਦੁਖ ਵਿਚ ਨਾ ਝੂਰਾਂਗਾ।੪।੨।੩।

ਪਦਾਰਥ = ਧੀਰਉ–ਧੀਰਕ ਪ੍ਰਾਪਤ ਕਰਦਾ ਹਾਂ।ਸੁਨਿ–ਸੁਣ ਕੇ।ਕਉ–ਨੂੰ।੧।ਰਹਾਉ।ਜੀਅ–ਜਿੰਦ।ਤਨੁ–ਸਰੀਰ।ਸਭੁ–ਸਭ ਕੁਛ।ਅਰਪਉ–ਅਰਪਨ ਕਰ ਦੇਵਾਂ।ਨੀਰਉ–ਨੇੜੇ।ਪੇਖਿ–ਦੇਖ ਕੇ।੧।ਬੇਸੁਮਾਰ–ਗਿਣਤੀ ਤੋਂ ਰਹਿਤ।ਬਡ–ਵੱਡਾ।ਮਨਹਿ–ਮਨ ਵਿਚ। ਗਹੀਰਉ–ਗ੍ਰਹਿਣ ਕਰੀ ਰੱਖਾਂ।੨।ਚਾਹਉ–ਚਾਹਵਾਂ।ਸੋਈ ਸੋਈ–ਉਹ ਉਹ ਹੀ।ਪਾਵਉ–ਪ੍ਰਾਪਤ ਕਰ ਲਵਾਂ।ਮਨਸਾ–ਇੱਛਾ।ਪੂਰਉ –ਪੂਰੀਆਂ ਕਰਾਂ।ਕਬਹੂ–ਕਦੇ ਵੀ।ਨ ਝੂਰਉ–ਪਛਤਾਵਾਂਗਾ ਨਹੀਂ; ਫਿਕਰਮੰਦ ਨਹੀਂ ਹੋਵਾਂਗਾ।ਬੁਝਿ–ਸਮਝ ਕੇ।੪।੨।੩।

ਜੈਤਸਰੀ ਮਹਲਾ ੫ ॥ ਲੋੜੀਦੜਾ ਸਾਜਨੁ ਮੇਰਾ ॥ ਘਰਿ ਘਰਿ ਮੰਗਲ ਗਾਵਹੁ ਨੀਕੇ, ਘਟਿ ਘਟਿ ਤਿਸਹਿ ਬਸੇਰਾ ॥੧॥ਰਹਾਉ॥ ਸੂਖਿ ਅਰਾਧਨੁ ਦੂਖਿ ਅਰਾਧਨੁ ,ਬਿਸਰੈ ਨ ਕਾਹੂ ਬੇਰਾ ॥ ਨਾਮੁ ਜਪਤ ਕੋਟਿ ਸੂਰ ਉਜਾਰਾ, ਬਿਨਸੈ ਭਰਮੁ ਅੰਧੇਰਾ ॥੧॥ ਥਾਨਿ ਥਨੰਤਰਿ ਸਭਨੀ ਜਾਈ, ਜੋ ਦੀਸੈ ਸੋ ਤੇਰਾ ॥ ਸੰਤ ਸੰਗਿ ਪਾਵੈ ਜੋ ਨਾਨਕ, ਤਿਸੁ ਬਹੁਰਿ ਨ ਹੋਈ ਹੈ ਫੇਰਾ ॥੨॥੩॥੪॥(ਹੇ ਭਾਈ!) ਮੇਰਾ ਹਰੀ ਸੱਜਨ ਐਸਾ ਹੈ (ਜਿਸ ਨੂੰ ਮੈਂ ਸਦਾ ਹੀ) ਚਾਹੁੰਦਾ ਹਾਂ (ਉਸ ਪਿਆਰੇ ਹਰੀ ਦੀ ਸਦਾ ਹੀ ਲੋੜ ਰਹਿੰਦੀ ਹੈ।ਹੇ ਭਾਈ!) ਘਰ ਘਰ ਵਿਚ ਉਸ ਦੇ ਸੋਹਣੇ ਅਨੰਦਮਈ ਗੀਤ ਗਾਇਆ ਕਰੋ, (ਕਿਉਂਕਿ ਸਾਰੇ) ਜੀਵਾਂ ਦੇ ਹਿਰਦਿਆਂ ਵਿਚ ਉਸ ਦਾ ਵਾਸਾ ਹੈ। ੧।ਰਹਾਉ।(ਹੇ ਭਾਈ! ਉਸ ਪ੍ਰਭੂ ਦਾ) ਸਿਮਰਨ ਸੁਖ ਵਿਚ ਵੀ ਕਰ ਤੇ (ਉਸ ਦਾ) ਸਿਮਰਨ ਦੁਖ ਵਿਚ ਵੀ ਕਰ, (ਉਹ) ਕਿਸੇ ਵੇਲੇ ਵੀ ਭੁੱਲੇ ਨਾ।(ਉਸ ਦਾ) ਨਾਮ ਜਪਦਿਆਂ ਕ੍ਰੋੜਾ ਸੂਰਜਾਂ ਵਰਗਾ ਗਿਆਨ ਦਾ ਚਾਨਣ ਹੋ ਜਾਂਦਾ ਹੈ, (ਜਿਸ ਚਾਨਣ ਨਾਲ) ਭਰਮ ਰੂਪ ਹਨ੍ਹੇਰਾ ਮਿਟ ਜਾਂਦਾ ਹੈ।੧।(ਹੇ ਪ੍ਰਭੂ! ਤੂੰ) ਥਾਵਾਂ ਵਿਚ ਤੇ ਥਾਵਾਂ ਦੀਆਂ ਵਿੱਥਾਂ ਦੇ ਅੰਦਰ, ਸਭ ਜਗ੍ਹਾ ਜੋ (ਵੀ ਜੀਵ ਜੰਤ) ਦਿਸਦਾ ਹੈ, ਉਹ ਸਭ ਤੇਰਾ ਹੀ ਰੂਪ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਪ੍ਰਭੂ!) ਜੋ ਮਨੁੱਖ ਸੰਤਾਂ ਦੀ ਸੰਗਤ ਕਰਕੇ ਤੈਨੂੰ ਪਾ ਲੈਂਦਾ ਹੈ, ਉਸ ਦਾ ਮੁੜ ਕੇ (ਸੰਸਾਰ ਵਿਚ) ਫੇਰਾ ਨਹੀਂ ਹੁੰਦਾ (ਜਨਮ ਮਰਨ ਤੋਂ ਮੁਕਤ ਹੋ ਜਾਂਦਾ ਹੈ)।੨।੩।੪।

ਪਦਾਰਥ = ਲੋੜੀਦੜਾ–ਚਾਹੀਦਾ ਹੈ (ਜਿਸ ਦੀ ਲੋੜ ਇਤਨੀ ਹੋਵੇ ਕਿ ਉਸ ਤੋਂ ਬਿਨਾ ਸਰਦਾ ਨਾ ਹੋਵੇ)।ਘਰਿ ਘਰਿ–ਹਰੇਕ ਘਰ ਵਿਚ।ਮੰਗਲ–ਸਿਫਤ ਸਲਾਹ ਦਾ ਅਨੰਦਮਈ ਗੀਤ।ਨੀਕੇ–ਸੋਹਣੇ।ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਵਿਚ।ਤਿਸਹਿ–ਉਸ ਦਾ। ਬਸੇਰਾ–ਵਾਸਾ; ਨਿਵਾਸ।੧।ਰਹਾਉ।ਸੂਖਿ–ਸੁਖ ਵਿਚ।ਅਰਾਧਨੁ–ਸਿਮਰਨ।ਦੂਖਿ–ਦੁਖ ਵਿਚ।ਬਿਸਰੈ ਨ–ਭੁੱਲੇ ਨਾ।ਕਾਹੂ ਬੇਰਾ– ਕਿਸੇ ਵੇਲੇ ਵੀ।ਜਪਤ–ਜਪਦਿਆਂ।ਕੋਟਿ ਸੂਰ–ਕ੍ਰੋੜਾਂ ਸੂਰਜ।ਉਜਾਰਾ–ਚਾਨਣ।ਬਿਨਸੈ–ਮਿਟ ਜਾਂਦਾ ਹੈ।੧।ਥਾਨਿ–ਥਾਵਾਂ ਵਿਚ। ਥਨੰਤਰਿ–ਥਾਵਾਂ ਦੇ ਅੰਦਰ।ਸਭਨੀ ਜਾਈ–ਸਭ ਜਗ੍ਹਾ।ਸੋ–ਉਹ।ਬਹੁਰਿ–ਮੁੜ ਕੇ।ਫੇਰਾ–ਜਨਮ ਮਰਨ ਦਾ ਚੱਕਰ।੨।੩।੪।

ਅੰਗ ੭੦੧ = ਜੈਤਸਰੀ ਮਹਲਾ ੫ ਘਰੁ ੪ ਦੁਪਦੇ ੴ ਸਤਿਗੁਰ ਪ੍ਰਸਾਦਿ ॥ ਅਬ ਮੈ ਸੁਖੁ ਪਾਇਓ ਗੁਰ ਆਗਿ੍ਯ ॥ ਤਜੀ ਸਿਆਨਪ ਚਿੰਤ ਵਿਸਾਰੀ, ਅਹੰ ਛੋਡਿਓ ਹੈ ਤਿਆਗਿ੍ਯ ॥੧॥ਰਹਾਉ॥ ਜਉ ਦੇਖਉ ਤਉ ਸਗਲ ਮੋਹਿ ਮੋਹੀਅਉ ,ਤਉ ਸਰਨਿ ਪਰਿਓ ਗੁਰ ਭਾਗਿ ॥ ਕਰਿ ਕਿਰਪਾ ਟਹਲ ਹਰਿ ਲਾਇਓ, ਤਉ ਜਮਿ ਛੋਡੀ ਮੋਰੀ ਲਾਗਿ ॥੧॥ ਤਰਿਓ ਸਾਗਰੁ ਪਾਵਕ ਕੋ, ਜਉ ਸੰਤ ਭੇਟੇ ਵਡ ਭਾਗਿ ॥ ਜਨ ਨਾਨਕ ਸਰਬ ਸੁਖ ਪਾਏ, ਮੋਰੋ ਹਰਿ ਚਰਨੀ ਚਿਤੁ ਲਾਗਿ ॥੨॥੧॥੫॥ (ਹੇ ਭਾਈ!) ਹੁਣ ਮੈਂ ਗੁਰੂ ਦੀ ਆਗਿਆ ਵਿਚ ਚਲ ਕੇ ਸੁਖ ਪਾਇਆ ਹੈ; ਹੁਣ ਮੈਂ ਗੁਰੂ ਦੇ ਅੱਗੇ ਆ ਕੇ ਸੁਖ ਪਾਇਆ ਹੈ {ਆਗਿਆ ਮਾਨਿ ਜਾਨਿ ਸੁਖੁ ਪਾਇਆ ਸੁਨਿ ਸੁਨਿ ਨਾਮੁ ਤੁਹਾਰੋ ਜੀਓ ੯੭੮}।(ਮੈਂ ਅਪਣੀ) ਸਿਆਣਪ ਛਡ ਦਿਤੀ ਤੇ ਚਿੰਤਾ ਕਰਨੀ ਭੁਲਾ ਦਿਤੀ ਹੈ ਅਤੇ ਹੰਕਾਰ ਵੀ ਤਿਆਗ ਛੱਡਿਆ ਹੈ।੧।ਰਹਾਉ।ਜਦੋਂ ਮੈਂ ਦੇਖਦਾ ਹਾਂ, ਤਾਂ ਸਾਰਾ ਸੰਸਾਰ ਮੋਹ ਵਿਚ ਮੋਹਿਆ (ਫਸਿਆ) ਹੋਇਆ ਦਿਸਦਾ ਹੈ, ਤਾਂ ਮੈਂ ਭੱਜ ਕੇ ਗੁਰੂ ਦੀ ਸ਼ਰਨ ਵਿਚ ਜਾ ਪਿਆ ਹਾਂ।(ਗੁਰੂ ਨੇ) ਕ੍ਰਿਪਾ ਕਰਕੇ ਮੈਨੂੰ ਹਰੀ ਦੀ ਸੇਵਾ ਭਗਤੀ ਵਿਚ ਲਗਾ ਦਿਤਾ, ਤਦ ਜਮ ਨੇ ਮੇਰਾ ਪਿੱਛਾ ਕਰਨਾ ਛਡ ਦਿਤਾ।੧।(ਹੇ ਭਾਈ!) ਜਦੋਂ ਵੱਡੇ ਭਾਗਾਂ ਨਾਲ ਮੈਨੂੰ ਸੰਤ ਗੁਰੂ ਮਿਲ ਪਏ, ਤਾਂ ਮੈਂ ਅੱਗ ਦੇ ਸਮੁੰਦਰ ਨੂੰ ਤਰ ਗਿਆ ਹਾਂ।ਦਾਸ ਨਾਨਕ ਨੇ ਸਾਰੇ ਸੁਖ ਪਾ ਲਏ ਹਨ, (ਕਿਉਂਕਿ) ਮੇਰਾ ਚਿਤ ਹਰੀ ਦੇ ਚਰਨਾਂ ਵਿਚ ਲਗ ਗਿਆ ਹੈ।੨।੧।੫।

ਪਦਾਰਥ = ਅਬ–ਹੁਣ।ਆਗਿ੍ਯ (ਆਗਿਅ ਬੋਲੋ)–ਆਗਿਆ; ਅੱਗੇ (ਪਾਸ) ਆ ਕੇ।ਤਜੀ–ਛਡ ਦਿਤੀ।ਵਿਸਾਰੀ–ਭੁਲਾ ਦਿਤੀ। ਅਹੰ–ਹੰਕਾਰ।੧।ਰਹਾਉ।ਜਉ–ਜਦੋਂ।ਦੇਖਉ–ਮੈਂ ਦੇਖਦਾ ਹਾਂ।ਤਉ–ਤਾਂ; ਤਦ।ਸਗਲ–ਸਾਰਾ ਸੰਸਾਰ।ਮੋਹਿ–ਮੋਹ ਮਮਤਾ ਵਿਚ। ਮੋਹੀਅਉ–ਮੋਹਿਆ (ਫਸਿਆ) ਹੋਇਆ ਹੈ।ਪਰਿਓ–ਜਾ ਪਿਆ।ਭਾਗਿ–ਭੱਜ ਕੇ।ਟਹਲ–ਸੇਵਾ ਭਗਤੀ।ਜਮਿ–ਜਮ ਨੇ।ਮੋਰੀ–ਮੇਰਾ।ਲਾਗਿ–ਪਿੱਛਾ ਕਰਨਾ।੧।ਪਾਵਕ ਕੋ–ਅੱਗ ਦਾ।ਸੰਤ–ਗੁਰੂ ਰਾਮਦਾਸ ਜੀ।ਭੇਟੇ–ਮਿਲ ਪਏ।ਵਡਭਾਗਿ–ਵੱਡੇ ਭਾਗਾਂ ਨਾਲ।ਜਨ ਨਾਨਕ–ਦਾਸ ਨਾਨਕ ਨੇ।ਮੋਰੋ–ਮੇਰਾ।ਲਾਗਿ–ਲੱਗ (ਜੁੜ) ਗਿਆ ਹੈ।੨।੧।੫।

ਜੈਤਸਰੀ ਮਹਲਾ ੫ ॥ ਮਨ ਮਹਿ ਸਤਿਗੁਰ ਧਿਆਨੁ ਧਰਾ ॥ ਦ੍ਰਿੜ੍ਹਿਓ ਗਿਆਨੁ ਮੰਤ੍ਰ ਹਰਿ ਨਾਮਾ, ਪ੍ਰਭ ਜੀਉ ਮਇਆ ਕਰਾ ॥੧॥ ਰਹਾਉ॥ ਕਾਲ ਜਾਲ ਅਰੁ ਮਹਾ ਜੰਜਾਲਾ, ਛੁਟਕੇ ਜਮਹਿ ਡਰਾ ॥ ਆਇਓ ਦੁਖ ਹਰਨ ਸਰਣ ਕਰੁਣਾਪਤਿ, ਗਹਿਓ ਚਰਣ ਆਸਰਾ ॥੧॥ ਨਾਵ ਰੂਪ ਭਇਓ ਸਾਧ ਸੰਗੁ ,ਭਵਨਿਧਿ ਪਾਰਿ ਪਰਾ ॥ ਅਪਿਉ ਪੀਓ ਗਤੁ ਥੀਓ ਭਰਮਾ, ਕਹੁ ਨਾਨਕ ਅਜਰੁ ਜਰਾ ॥੨॥ ੨॥੬॥ (ਹੇ ਭਾਈ ! ਜਦੋਂ ਮੈਂ) ਮਨ ਵਿਚ ਸਤਿਗੁਰੂ ਦਾ ਧਿਆਨ ਧਰਿਆ। ਤਾਂ ਪ੍ਰਭੂ ਜੀ ਨੇ ਦਇਆ ਕੀਤੀ, (ਜਿਸ ਕਰਕੇ) ਮੈਂ ਮਨ ਵਿਚ ਹਰੀ ਦਾ ਨਾਮ ਮੰਤ੍ਰ ਅਤੇ (ਗੁਰੂ ਦਾ) ਗਿਆਨ ਪੱਕੀ ਤਰ੍ਹਾਂ ਟਿਕਾ ਲਿਆ ਹੈ।੧।ਰਹਾਉ।(ਹੇ ਭਾਈ!) ਕਾਲ ਦਾ ਜਾਲ ਅਤੇ ਮਾਇਆ ਦੇ ਮੋਹ ਦਾ ਵੱਡਾ ਜਾਲ ਤੇ ਜਮ ਦਾ ਡਰ (ਆਦਿਕ ਸਭ) ਛੁਟ ਗਏ ਹਨ।ਮੈਂ ਦੁੱਖਾਂ ਦੇ ਨਾਸ਼ ਕਰਨ ਵਾਲੇ ਤੇ ਦਇਆ ਦੇ ਮਾਲਕ ਦੀ ਸ਼ਰਣ ਵਿਚ ਆਇਆ ਹਾਂ ਅਤੇ ਹਰੀ ਦੇ ਚਰਨਾਂ ਦਾ ਆਸਰਾ ਫੜਿਆ ਹੈ।੧।(ਹੇ ਭਾਈ! ਮੇਰੇ ਲਈ) ਸਾਧ ਗੁਰੂ ਦਾ ਸੰਗ ਬੇੜੀ ਰੂਪ ਹੋ ਗਿਆ ਹੈ, (ਜਿਸ ਦੇ ਆਸਰੇ ਨਾਲ ਮੈਂ) ਭਵ ਸਾਗਰ ਤੋਂ ਪਾਰ ਪਿਆ (ਲੰਘ ਗਿਆ) ਹਾਂ।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਨਾਮ ਅੰਮ੍ਰਿਤ ਪੀਤਾ ਹੈ, (ਜਿਸ ਨਾਲ ਮੇਰਾ) ਭਰਮ ਨਾਸ਼ ਹੋ ਗਿਆ ਹੈ ਅਤੇ ਮੈਂ ਨਾ ਜਰੇ ਜਾਣ ਵਾਲੀ ਅਵਸਥਾ ਨੂੰ ਜਰ ਲਿਆ ਹੈ; ਵਸ ਵਿਚ ਨਾ ਆਉਣ ਵਾਲੇ ਕਾਮਾਦਿਕਾਂ ਨੂੰ ਕਾਬੂ ਕਰ ਲਿਆ ਹੈ।੨।੨।੬।

ਪਦਾਰਥ = ਮਨ ਮਹਿ–ਮਨ ਵਿਚ।ਧਰਾ–ਧਰਿਆ।ਦ੍ਰਿੜ੍ਹਿਓ–ਪੱਕੀ ਤਰ੍ਹਾਂ ਟਿਕਾ ਲਿਆ।ਮਇਆ–ਦਇਆ।ਕਰਾ–ਕੀਤੀ।੧। ਰਹਾਉ।ਕਾਲ ਜਾਲ–ਮੌਤ ਦਾ ਜਾਲ (ਫਾਹੀ)।ਅਰੁ–ਅਤੇ।ਮਹਾ ਜੰਜਾਲਾ–ਮਾਇਆ ਦੇ ਮੋਹ ਦਾ ਵੱਡਾ ਜਾਲ।ਛੁਟਕੇ–ਛੁਟ (ਮੁੱਕ) ਗਏ।ਜਮਹਿ–ਜਮਾਂ ਦਾ।ਡਰਾ–ਡਰ।ਦੁਖ ਹਰਣ–ਦੁਖਾਂ ਦਾ ਨਾਸ਼ ਕਰਨ ਵਾਲਾ।ਕਰੁਣਾਪਤਿ–ਦਇਆ ਦਾ ਮਾਲਕ।ਗਹਿਓ–ਫੜਿਆ ।੧।ਨਾਵ ਰੂਪ–ਬੇੜੀ ਦਾ ਰੂਪ।ਭਇਓ–ਹੋ ਗਿਆ।ਸਾਧ ਸੰਗੁ–ਸਾਧੂ ਗੁਰੂ ਦਾ ਸਾਥ।ਭਵ ਨਿਧਿ–ਸੰਸਾਰ ਸਮੁੰਦਰ।ਪਾਰਿ ਪਰਾ– ਪਾਰ ਪਿਆ (ਲੰਘ ਗਿਆ)।ਅਪਿਓ ਪੀਓ–ਨਾਮ ਅੰਮ੍ਰਿਤ ਪੀਤਾ।ਗਤੁ ਥੀਓ–ਨਾਸ਼ ਹੋ ਗਿਆ।ਅਜਰੁ ਜਰਾ–ਨਾਮ ਜਪਣ ਨਾਲ ਪ੍ਰਾਪਤ ਹੋਈ ਨਾ ਜਰੇ ਜਾਣ ਵਾਲੀ ਅਵਸਥਾ (ਰੁਹਾਨੀ ਤਾਕਤ) ਨੂੰ ਜਰ ਲਿਆ।੨।੨।੬।

ਜੈਤਸਰੀ ਮਹਲਾ ੫ ॥ ਜਾ ਕਉ ਭਏ ਗੋਵਿੰਦ ਸਹਾਈ ॥ ਸੂਖ ਸਹਜ ਆਨੰਦ ਸਗਲ ਸਿਉ ,ਵਾ ਕਉ ਬਿਆਧਿ ਨ ਕਾਈ ॥੧॥ਰਹਾਉ ॥ ਦੀਸਹਿ ਸਭ ਸੰਗਿ ਰਹਹਿ ਅਲੇਪਾ, ਨਹ ਵਿਆਪੈ ਉਨ ਮਾਈ ॥ ਏਕੈ ਰੰਗਿ ਤਤ ਕੇ ਬੇਤੇ, ਸਤਿਗੁਰ ਤੇ ਬੁਧਿ ਪਾਈ ॥੧॥ ਦਇਆ ਮਇਆ ਕਿਰਪਾ ਠਾਕੁਰ ਕੀ, ਸੇਈ ਸੰਤ ਸੁਭਾਈ ॥ ਤਿਨ ਕੈ ਸੰਗਿ ਨਾਨਕ ਨਿਸਤਰੀਐ, ਜਿਨ ਰਸਿ ਰਸਿ ਹਰਿ ਗੁਨ ਗਾਈ ॥੨॥੩॥੭॥ (ਹੇ ਭਾਈ!) ਜਿਸ ਮਨੁੱਖ ਨੂੰ ਗੋਬਿੰਦ ਜੀ ਸਹਾਈ ਹੋਏ ਹਨ।ਉਹ ਸਾਰੇ ਕੁਦਰਤੀ ਸੁਖਾਂ ਤੇ ਅਨੰਦਾਂ ਦੇ ਸਹਿਤ ਹੋ ਜਾਂਦਾ ਹੈ ਅਤੇ ਉਸ ਨੂੰ ਕੋਈ ਰੋਗ ਨਹੀਂ ਲਗ ਸਕਦਾ।੧।ਰਹਾਉ।(ਅਜੇਹੇ ਗੁਰਮੁਖ ਤਨ ਕਰਕੇ) ਸਾਰੇ ਲੋਕਾਂ ਨਾਲ ਮਿਲਦੇ ਵਰਤਦੇ ਦਿਸਦੇ ਹਨ, (ਪਰ ਮਨ ਕਰਕੇ ਉਹ) ਨਿਰਲੇਪ ਰਹਿੰਦੇ ਹਨ, (ਕਿਉਂਕਿ) ਉਨ੍ਹਾਂ ਨੂੰ ਮਾਇਆ ਨਹੀਂ ਚਿੰਬੜਦੀ।ਉਹ ਇਕ ਹਰੀ ਦੇ ਪ੍ਰੇਮ ਵਿਚ ਰਹਿੰਦੇ ਹਨ, (ਮਨੁੱਖਾ ਜੀਵਨ ਦੀ) ਅਸਲੀਅਤ ਦੇ ਜਾਨਣ ਵਾਲੇ ਹੁੰਦੇ ਹਨ, (ਉਨ੍ਹਾਂ ਨੇ ਇਹ ਪਵਿਤ੍ਰ) ਬੁੱਧੀ ਸਤਿਗੁਰੂ ਤੋਂ ਪਾਈ ਹੁੰਦੀ ਹੈ।੧।(ਹੇ ਭਾਈ! ਜਿਨ੍ਹਾਂ ਦੇ ਤਨ ਉਤੇ) ਮਾਲਕ ਪ੍ਰਭੂ ਦੀ ਦਇਆ ਹੈ ਤੇ (ਮਨ ਉਤੇ ਵੀ) ਕਿਰਪਾ ਹੈ, ਉਹ ਹੀ ਚੰਗੀ ਭਾਵਨਾ ਵਾਲੇ ਸੰਤ ਹੁੰਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ (ਗੁਰਮੁਖਾਂ) ਨੇ ਮਨ ਤੇ ਤਨ ਦੇ ਪ੍ਰੇਮ ਨਾਲ ਹਰੀ ਦੇ ਗੁਣ ਗਾਏ ਹਨ, ਉਨ੍ਹਾਂ ਦੇ ਨਾਲ ਲਗ ਕੇ (ਸੰਸਾਰ ਸਾਗਰ ਤੋਂ) ਤਰ ਜਾਈਦਾ ਹੈ।੨।੩।੭।

ਪਦਾਰਥ = ਜਾ ਕਉ–ਜਿਸ ਨੂੰ।ਭਏ–ਹੋਏ ਹਨ।ਸਹਾਈ–ਸਹਾਇਤਾ ਕਰਨ ਵਾਲਾ।ਸੂਖ ਸਹਜ–ਕੁਦਰਤੀ ਸੁਖ।ਸਗਲ–ਸਾਰੇ। ਸਿਉ–ਸਹਿਤ; ਸਮੇਤ।ਵਾ ਕਉ–ਉਸ ਨੂੰ।ਬਿਆਧਿ–ਰੋਗ।ਕਾਈ–ਕੋਈ।੧।ਰਹਾਉ।ਦੀਸਹਿ–ਦਿਸਦੇ ਹਨ।ਸਭ ਸੰਗਿ–ਸਭ ਲੋਕਾਂ ਨਾਲ।ਰਹਹਿ ਅਲੇਪਾ–ਨਿਰਲੇਪ ਰਹਿੰਦੇ ਹਨ।ਨਹ ਵਿਆਪੈ–ਚਿੰਬੜਦੀ ਨਹੀਂ।ਉਨ–ਉਨ੍ਹਾਂ ਨੂੰ।ਮਾਈ–ਮਾਇਆ।ਏਕੈ ਰੰਗਿ–ਇਕ ਹਰੀ ਦੇ ਪ੍ਰੇਮ ਵਿਚ।ਤਤ ਕੇ–ਅਸਲੀਅਤ ਦੇ।ਬੇਤੇ–ਜਾਨਣ ਵਾਲੇ।ਤੇ–ਤੋਂ।ਬੁਧਿ–ਬੁੱਧੀ।ਪਾਈ–ਪ੍ਰਾਪਤ ਕੀਤੀ।੧।ਮਇਆ–ਮੇਹਰ ।ਠਾਕੁਰ ਕੀ–ਮਾਲਕ ਦੀ।ਸੇਈ–ਉਹ ਹੀ।ਸੁਭਾਈ–ਚੰਗੀ ਭਾਵਨਾ ਵਾਲੇ।ਤਿਨ ਕੈ–ਉਨ੍ਹਾਂ ਦੇ।ਨਿਸਤਰੀਐ–ਤਰ ਜਾਈਦਾ ਹੈ।ਜਿਨ –ਜਿਨ੍ਹਾਂ ਨੇ।ਰਸਿ ਰਸਿ–(ਮਨ ਤੇ ਤਨ ਦੇ) ਪ੍ਰੇਮ ਨਾਲ।ਗਾਈ–ਗਾਏ ਹਨ।੨।੩।੭।

ਜੈਤਸਰੀ ਮਹਲਾ ੫ ॥ ਗੋਬਿੰਦ ਜੀਵਨ ਪ੍ਰਾਨ ਧਨ ਰੂਪ ॥ ਅਗਿਆਨ ਮੋਹ ਮਗਨ ਮਹਾ ਪ੍ਰਾਨੀ, ਅੰਧਿਆਰੇ ਮਹਿ ਦੀਪ ॥੧॥ਰਹਾਉ॥ ਸਫਲ ਦਰਸਨੁ ਤੁਮਰਾ ਪ੍ਰਭ ਪ੍ਰੀਤਮ, ਚਰਨ ਕਮਲ ਆਨੂਪ ॥ ਅਨਿਕ ਬਾਰ ਕਰਉ ਤਿਹ ਬੰਦਨ, ਮਨਹਿ ਚਰ੍ਹਾਵਉ ਧੂਪ ॥੧॥ ਹਾਰਿ ਪਰਿਓ ਤੁਮ੍ਹ੍ਹਰੈ ਪ੍ਰਭ ਦੁਆਰੈ, ਦ੍ਰਿੜ੍ਹ ਕਰਿ ਗਹੀ ਤੁਮ੍ਹ੍ਹਾਰੀ ਲੂਕ ॥ ਕਾਢਿ ਲੇਹੁ ਨਾਨਕ ਅਪੁਨੇ ਕਉ ,ਸੰਸਾਰ ਪਾਵਕ ਕੇ ਕੂਪ ॥ ੨॥੪॥੮॥ ਹੇ ਗੋਬਿੰਦ! ਤੂੰ ਹੀ ਸਾਡਾ ਜੀਵਾਂ ਦਾ ਜੀਵਨ, ਪ੍ਰਾਣ, ਧਨ ਤੇ ਸੁੰਦਰ ਰੂਪ ਹੈ।ਸੰਸਾਰ ਦੇ ਜੀਵ ਅਗਿਆਨ ਤੇ ਮੋਹ ਵਿਚ ਬਹੁਤ ਮਗਨ ਹਨ, ਅਗਿਆਨਤਾ ਦੇ ਹਨ੍ਹੇਰੇ ਵਿਚ ਪ੍ਰਭੂ ਗਿਆਨ ਦਾ ਚਾਨਣ ਕਰਨ ਵਾਲਾ ਦੀਵਾ ਹੈ।੧।ਰਹਾਉ।ਹੇ ਪ੍ਰੀਤਮ ਪ੍ਰਭੂ ! ਤੇਰਾ ਦਰਸ਼ਨ ਸਾਰੇ ਫਲ ਦੇਣ (ਆਸਾਂ ਪੂਰੀਆਂ ਕਰਨ) ਵਾਲਾ ਹੈ ਅਤੇ ਤੇਰੇ ਕਮਲ ਫੁੱਲ ਵਰਗੇ ਚਰਨ ਬਹੁਤ ਸੁੰਦਰ ਹਨ।(ਮੈਂ ਤੇਰੇ) ਉਨ੍ਹਾਂ ਚਰਨਾਂ ਨੂੰ ਅਨੇਕਾਂ ਬਾਰ ਨਮਸ਼ਕਾਰ ਕਰਦਾ ਹਾਂ ਤੇ ਮਨ ਨੂੰ (ਤੇਰੇ ਅੱਗੇ) ਭੇਟਾ ਚੜ੍ਹਾਉਂਦਾ ਹਾਂ, ਇਹੋ ਹੀ ਧੂਪ ਧੁਖਾਉਂਦਾ

ਹਾਂ।੧।ਹੇ ਪ੍ਰਭੂ! ਥੱਕ ਹਾਰ (ਸਭ ਨੂੰ ਪਰਖ) ਕੇ ਮੈਂ ਤੇਰੇ ਦੁਆਰੇ ਤੇ ਆ ਪਿਆ ਹਾਂ ਅਤੇ ਤੇਰੀ ਸ਼ਰਨ ਪੱਕੀ ਕਰਕੇ ਫੜ ਲਈ ਹੈ।ਹੇ ਪ੍ਰਭੂ! ਤੂੰ ਅਪਣੇ ਦਾਸ ਨਾਨਕ ਨੂੰ ਸੰਸਾਰ ਰੂਪ ਅੱਗ ਦੇ ਖੂਹ ਵਿਚੋਂ ਕੱਢ ਲੈ।੨।੪।੮।

ਪਦਾਰਥ = ਗੋਬਿੰਦ–ਹੇ ਗੋਬਿੰਦ!।ਰੂਪ–ਸੁੰਦਰ ਰੂਪ; ਅਕਾਰ (ਸਰੀਰ)।ਮਗਨ ਮਹਾ–ਬਹੁਤ ਮਸਤ।ਅੰਧਿਆਰੇ ਮਹਿ–ਹਨ੍ਹੇਰੇ ਵਿਚ।ਦੀਪ–ਦੀਵਾ।੧।ਰਹਾਉ।ਸਫਲ–ਸਭ ਫਲ ਦੇਣ ਵਾਲਾ।ਤੁਮਰਾ–ਤੇਰਾ।ਪ੍ਰਭ ਪ੍ਰੀਤਮ–ਹੇ ਪਿਆਰੇ ਪ੍ਰਭੂ!।ਆਨੂਪ–ਸੁੰਦਰ (ਜਿਸ ਦੀ ਉਪਮਾ ਨਾ ਹੋ ਸਕੇ)।ਕਰਉ ਬੰਦਨ–ਮੈਂ ਨਮਸ਼ਕਾਰ ਕਰਦਾ ਹਾਂ।ਤਿਹ–ਉਨ੍ਹਾਂ (ਚਰਨਾਂ) ਨੂੰ।ਮਨਹਿ–ਮਨ ਨੂੰ।ਚਰਾਵਉ–ਮੈਂ (ਭੇਟਾ) ਚੜ੍ਹਾਉਂਦਾ ਹਾਂ।ਧੂਪ–ਧੂਫ।੧।ਹਾਰਿ ਪਰਿਓ–ਥੱਕ ਹਾਰ ਕੇ ਆ ਪਿਆ ਹਾਂ।ਦੁਆਰੈ–ਦਰ ਉਤੇ।ਦ੍ਰਿੜੁ ਕਰਿ–ਪੱਕੀ ਕਰਕੇ।ਗਹੀ–ਫੜ ਲਈ ਹੈ।ਲੂਕ–(ਬਚਾਓ ਲਈ ਲੁਕਣ ਦੀ ਥਾਂ) ਸ਼ਰਨ।ਕਉ–ਨੂੰ।ਪਾਵਕ ਕੇ ਕੂਪ–ਅੱਗ ਦੇ ਖੂਹ ਵਿਚੋਂ।੨।੪।੮।

ਜੈਤਸਰੀ ਮਹਲਾ ੫ ॥ ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥ ਚਰਨ ਗਹਉ ਬਕਉ ਸੁਭ ਰਸਨਾ, ਦੀਜਹਿ ਪ੍ਰਾਨ ਅਕੋਰਿ ॥੧॥ਰਹਾਉ॥ ਮਨੁ ਤਨੁ ਨਿਰਮਲ ਕਰਤ ਕਿਆਰੋ, ਹਰਿ ਸਿੰਚੈ ਸੁਧਾ ਸੰਜੋਰਿ ॥ ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ, ਮਹਾ ਬਿਖਿਆ ਤੇ ਤੋਰਿ ॥੧॥ ਆਇਓ ਸਰਣਿ ਦੀਨ ਦੁਖ ਭੰਜਨ, ਚਿਤਵਉ ਤੁਮ੍ਰੀ ਓਰਿ ॥ ਅਭੈ ਪਦੁ ਦਾਨ ਸਿਮਰਨੁ ਸੁਆਮੀ ਕੋ, ਪ੍ਰਭ ਨਾਨਕ ਬੰਧਨ ਛੋਰਿ ॥੨॥੫॥੯॥ (ਹੇ ਭਾਈ! ਮੈਨੂੰ) ਕੋਈ ਪੁਰਖ ਹਰੀ ਨਾਲ ਜੋੜ ਦੇਵੇ।(ਹਰੀ ਨਾਲ ਜੁੜਨ ਵਾਸਤੇ ਉਸ ਦੇ) ਮੈਂ ਚਰਨ ਫੜ ਲਵਾਂ, ਜੀਭ ਨਾਲ ਆਦਰ ਵਾਲੇ ਸ਼ੁੱਭ ਬਚਨ (ਮੈਂ ਉਸ ਨੂੰ) ਬੋਲਾਂ ਅਤੇ (ਉਸ ਨੂੰ ਮੇਰੇ) ਪ੍ਰਾਣ ਵੀ ਭੇਟਾ ਕਰ ਦਿਤੇ ਜਾਣ।੧।ਰਹਾਉ। (ਹੇ ਭਾਈ! ਹਰੀ ਨੂੰ ਮਿਲਣ ਲਈ ਕੋਈ ਵਿਰਲਾ ਮਨੁੱਖ ਅਪਣੇ) ਮਨ ਤੇ ਤਨ ਨੂੰ ਕਿਆਰਾ (ਖੇਤ) ਬਣਾਉਂਦਾ ਹੈ ਅਤੇ ਹਰੀ ਦਾ ਨਾਮ ਰੂਪ ਅੰਮ੍ਰਿਤ ਇਕੱਠਾ ਕਰਕੇ (ਉਸ ਖੇਤ ਨੂੰ) ਸਿੰਜਦਾ ਹੈ।ਪ੍ਰਭੂ ਦੀ ਕ੍ਰਿਪਾ ਨਾਲ ਮਹਾਂ ਮਾਇਆ ਨਾਲੋਂ ਪ੍ਰੇਮ ਤੋੜ ਕੇ ਇਸ ਨਾਮ ਰਸ ਵਿਚ ਮਗਨ ਹੁੰਦਾ ਹੈ।੧।(ਅਰਦਾਸ) ਹੇ ਅਨਾਥਾਂ ਦੇ ਦੁੱਖ ਤੋੜਨ ਵਾਲੇ ਹਰੀ! ਮੈਂ ਤੇਰੀ ਸ਼ਰਣ ਵਿਚ ਆਇਆ ਹਾਂ ਅਤੇ ਮੈਂ ਤੇਰੇ ਵੱਲ ਦੇਖਦਾ ਹਾਂ (ਹੋਰ ਕਿਸੇ ਦੂਜੇ ਦਾ ਆਸਰਾ ਨਹੀਂ ਤੱਕਦਾ।ਕਿਉਂਕਿ) ਮਾਲਕ ਪ੍ਰਭੂ ਦਾ ਸਿਮਰਨ ਭੈ ਰਹਿਤ ਪਦਵੀ ਦੇਣ ਵਾਲਾ ਹੈ, ਹੇ ਪ੍ਰਭੂ! ਨਾਨਕ ਦੇ (ਮਾਇਕ) ਬੰਧਨ ਖੋਲ੍ਹ ਦੇ।੨।੫।੯।

ਪਦਾਰਥ = ਜਨੁ–ਪੁਰਖ (ਗੁਰੂ)।ਸਿਉ–ਨਾਲ।ਦੇਵੈ ਜੋਰਿ–ਜੋੜ ਦੇਵੇ।ਗਹਉ–ਫੜ ਲਵਾਂ।ਬਕਉ–ਮੈਂ ਬੋਲਾਂ।ਸੁਭ–ਸ਼ੁੱਭ ਬਚਨ।ਰਸਨਾ–ਜੀਭ ਨਾਲ।ਦੀਜਹਿ ਅਕੋਰਿ–ਭੇਟਾ ਕਰ ਦਿਤੇ ਜਾਣ।੧।ਰਹਾਉ।ਨਿਰਮਲ–ਪਵਿਤ੍ਰ।ਕਰਤ–ਕਰਦਾ ਹੈ।ਕਿਆਰੋ–ਖੇਤ ਦਾ ਕਿਆਰਾ।ਸਿੰਚੈ–ਸਿੰਜਦਾ ਹੈ।ਸੁਧਾ–ਨਾਮ ਰੂਪ ਅੰਮ੍ਰਿਤ ਜਲ।ਸੰਜੋਰਿ–ਚੰਗੀ ਤਰ੍ਹਾਂ ਜੋੜ (ਇਕੱਠਾ) ਕਰਕੇ।ਇਆ ਰਸ ਮਹਿ–ਇਸ ਰਸ ਵਿਚ।ਮਗਨੁ ਹੋਤ–ਮਸਤ ਹੁੰਦਾ ਹੈ।ਤੇ–ਤੋਂ; ਨਾਲ।ਮਹਾ ਬਿਖਿਆ–ਵੱਡੇ ਵਿਸ਼ੇ ਵਿਕਾਰ; ਭਾਰੀ ਅਗਿਆਨ; ਪ੍ਰਕ੍ਰਿਤੀ।ਤੋਰਿ–ਤੋੜ ਕੇ।੧।ਦੀਨ ਦੁਖ ਭੰਜਨ–ਹੇ ਅਨਾਥਾਂ ਦੇ ਦੁਖ ਤੋੜਨ ਵਾਲੇ ਪ੍ਰਭੂ!।ਚਿਤਵਉ–ਖਿਆਲ ਕਰਦਾ ਹਾਂ; ਦੇਖਦਾ ਹਾਂ।ਓਰਿ–ਵੱਲ; ਪਾਸੇ।ਅਭੈ ਪਦੁ–ਭੈ ਰਹਿਤ ਅਵਸਥਾ।ਦਾਨ–ਦੇਣ ਵਾਲਾ।ਸੁਆਮੀ ਕੋ–ਮਾਲਕ ਪ੍ਰਭੂ ਦਾ।ਛੋਰਿ–ਖੋਲ੍ਹ ਦੇ; ਛੁਡਾ ਦੇ।੨।੫।੯।

ਅੰਗ ੭੦੨ = ਜੈਤਸਰੀ ਮਹਲਾ ੫ ॥ ਚਾਤ੍ਰਿਕ ਚਿਤਵਤ ਬਰਸਤ ਮੇਂਹ ॥ ਕ੍ਰਿਪਾ ਸਿੰਧੁ ਕਰੁਣਾ ਪ੍ਰਭ ਧਾਰਹੁ ,ਹਰਿ ਪ੍ਰੇਮ ਭਗਤਿ ਕੋ ਨੇਂਹ ॥੧॥ਰਹਾਉ॥ ਅਨਿਕ ਸੂਖ ਚਕਵੀ ਨਹੀ ਚਾਹਤ, ਅਨਦ ਪੂਰਨ ਪੇਖਿ ਦੇਂਹ ॥ ਆਨ ਉਪਾਵ ਨ ਜੀਵਤ ਮੀਨਾ, ਬਿਨੁ ਜਲ ਮਰਨਾ ਤੇਂਹ ॥੧॥ ਹਮ ਅਨਾਥ ਨਾਥ ਹਰਿ ਸਰਣੀ, ਅਪੁਨੀ ਕ੍ਰਿਪਾ ਕਰੇਂਹ ॥ ਚਰਨ ਕਮਲ ਨਾਨਕੁ ਆਰਾਧੈ, ਤਿਸੁ ਬਿਨੁ ਆਨ ਨ ਕੇਂਹ ॥੨॥੬॥੧੦॥ ਜਿਵੇਂ ਪਪੀਹਾ ਚਿਤਵਦਾ ਰਹਿੰਦਾ ਹੈ ਕਿ (ਹਰ ਵੇਲੇ) ਮੀਂਹ ਵਰਸਦਾ ਰਹੇ।(ਇਸੇ ਤਰ੍ਹਾਂ) ਹੇ ਕ੍ਰਿਪਾ ਦੇ ਸਮੁੰਦਰ ਪ੍ਰਭੂ! ਮੇਹਰ ਕਰੋ, ਮੈਨੂੰ ਪ੍ਰੇਮਾ ਭਗਤੀ ਦਾ ਪ੍ਰੇਮ ਬਖਸ਼ੋ।੧।ਰਹਾਉ।(ਜਿਵੇਂ ਸੰਸਾਰ ਵਿਚ) ਅਨੇਕਾਂ ਸੁਖ ਹਨ, (ਪਰ ਇਨ੍ਹਾਂ ਵਿਚੋਂ ਕੋਈ ਵੀ ਸੁਖ) ਚਕਵੀ ਨਹੀਂ ਚਾਹੁੰਦੀ, ਉਹ ਸੂਰਜ ਨੂੰ ਦੇਖ ਕੇ ਪੂਰਨ ਪ੍ਰਸੰਨ ਹੁੰਦੀ ਹੈ (ਦਿਨ ਚੜ੍ਹਨ ਤੇ ਚਕਵੀ ਦਾ ਚਕਵੇ ਨਾਲ ਮੇਲ ਹੁੰਦਾ ਹੈ)।ਮੱਛੀ ਹੋਰ ਕਿਸੇ ਜਤਨ ਨਾਲ ਜਿਉਂਦੀ ਨਹੀਂ ਰਹਿ ਸਕਦੀ, ਪਾਣੀ ਤੋਂ ਬਿਨਾ ਉਸ ਦੀ ਮੌਤ ਹੋ ਜਾਂਦੀ ਹੈ (ਕਿਉਂਕਿ ਪਾਣੀ ਹੀ ਮੱਛੀ ਦਾ ਜੀਵਨ ਹੈ)।੧।ਹੇ ਮਾਲਕ ਹਰੀ! ਅਸੀਂ ਅਨਾਥ ਤੇਰੀ ਸ਼ਰਣ ਵਿਚ ਆਏ ਹਾਂ, (ਸਾਡੇ ਉਤੇ) ਅਪਣੀ ਕ੍ਰਿਪਾ ਕਰ।ਨਾਨਕ ਤੇਰੇ ਚਰਨ ਕਮਲਾਂ ਦਾ ਧਿਆਨ ਧਰਦਾ ਹੈ, ਉਸ ਤੋਂ ਬਿਨਾ ਮੈਂ ਹੋਰ ਕੁਛ ਨਹੀਂ ਚਾਹੁੰਦਾ।੨।੬।੧੦।

ਪਦਾਰਥ = ਚਾਤ੍ਰਿਕ–ਪਪੀਹਾ।ਚਿਤਵਤ–ਸੋਚਦਾ ਹੈ; ਲੋਚਦਾ ਹੈ।ਬਰਸਤ ਮੇਂਹ–ਮੀਂਹ ਵਰਸਦਾ ਰਹੇ।ਕ੍ਰਿਪਾ ਸਿੰਧੁ–ਹੇ ਕ੍ਰਿਪਾ ਦੇ ਸਮੁੰਦਰ!।ਕਰੁਣਾ ਧਾਰਹੁ–ਮੇਹਰ ਕਰੋ।ਕੋ–ਦਾ।ਨੇਂਹ–ਪ੍ਰੇਮ; ਚਾਉ।੧।ਰਹਾਉ।ਨਹੀਂ ਚਾਹਤ–ਨਹੀਂ ਚਾਹੁੰਦੀ।ਅਨਦ–ਪ੍ਰਸੰਨ।ਪੇਖਿ–ਦੇਖ ਕੇ।ਦੇਂਹ–ਦਿਨ (ਸੂਰਜ)।ਆਨ–ਹੋਰ।ਉਪਾਵ–ਉਪਾਉ।ਮੀਨਾ–ਮੱਛੀ।ਮਰਨਾ–ਮੌਤ।ਤੇਂਹ–ਉਸ ਦੀ।੧।ਹਮ–ਅਸੀਂ।ਅਨਾਥ–ਯਤੀਮ (ਜਿਸ ਦਾ ਕੋਈ ਮਾਲਕ ਨਹੀਂ)।ਨਾਥ–ਮਾਲਕ।ਕਰੇਂਹ–ਕਰ।ਨ ਕੇਂਹ–ਕੁਛ ਵੀ ਨਹੀਂ।੨।੬।੧੦।

ਜੈਤਸਰੀ ਮਹਲਾ ੫ ॥ ਮਨਿ ਤਨਿ ਬਸਿ ਰਹੇ ਮੇਰੇ ਪ੍ਰਾਨ ॥ ਕਰਿ ਕਿਰਪਾ ਸਾਧੂ ਸੰਗਿ ਭੇਟੇ, ਪੂਰਨ ਪੁਰਖ ਸੁਜਾਨ ॥੧॥ਰਹਾਉ॥ ਪ੍ਰੇਮ ਠਗਉਰੀ ਜਿਨ ਕਉ ਪਾਈ, ਤਿਨ ਰਸੁ ਪੀਅਉ ਭਾਰੀ ॥ ਤਾ ਕੀ ਕੀਮਤਿ ਕਹਣੁ ਨ ਜਾਈ, ਕੁਦਰਤਿ ਕਵਨ ਹਮ੍ਾਰੀ ॥੧॥ ਲਾਇ ਲਏ ਲੜਿ ਦਾਸ ਜਨ ਅਪੁਨੇ, ਉਧਰੇ ਉਧਰਨਹਾਰੇ ॥ ਪ੍ਰਭੁ ਸਿਮਰਿ ਸਿਮਰਿ ਸਿਮਰਿ ਸੁਖੁ ਪਾਇਓ, ਨਾਨਕ ਸਰਣਿ ਦੁਆਰੇ

॥੨॥੭॥੧੧॥ ਮੇਰੇ ਪ੍ਰਾਣ ਰੂਪ ਪ੍ਰਭੂ ਜੀ ਮੇਰੇ ਮਨ ਵਿਚ ਅਤੇ ਸਰੀਰ ਵਿਚ ਵਸ ਰਹੇ ਹਨ।(ਉਹ) ਸਭ ਕੁਛ ਜਾਨਣ ਵਾਲੇ ਪੂਰਨ ਪੁਰਖ ਕ੍ਰਿਪਾ ਕਰਕੇ ਮੈਨੂੰ ਸਾਧੂ ਗੁਰੂ ਦੀ ਸੰਗਤ ਵਿਚ ਮਿਲ ਪਏ ਹਨ।੧।ਰਹਾਉ।(ਹੇ ਭਾਈ!) ਜਿਨ੍ਹਾਂ ਮਨੁੱਖਾਂ ਨੂੰ (ਗੁਰੂ ਪਾਸੋਂ ਹਰੀ ਦੇ) ਪ੍ਰੇਮ ਦੀ ਨਸ਼ੀਲੀ ਬੂਟੀ ਪ੍ਰਾਪਤ ਹੋਈ ਹੈ, ਉਨ੍ਹਾਂ ਨੇ (ਨਾਮ ਅੰਮ੍ਰਿਤ ਦਾ) ਮਹਾਨ ਰਸ ਪੀਤਾ ਹੈ।ਉਸ (ਰਸ) ਦੀ ਕੀਮਤ ਕਹੀ ਨਹੀਂ ਜਾ ਸਕਦੀ, ਸਾਡੀ ਕੀ ਤਾਕਤ ਹੈ? (ਜੋ ਉਸ ਦੀ ਕੀਮਤ ਦਸ ਸਕੀਏ)।੧।(ਹੇ ਭਾਈ! ਜਿਹੜੇ) ਸੇਵਕ ਜਨ ਪ੍ਰਭੂ ਨੇ ਅਪਣੇ ਲੜ ਲਾ ਲਏ ਹਨ, ਉਹ ਤਰਨ ਵਾਲੇ ਸੇਵਕ (ਸੰਸਾਰ ਸਮੁੰਦਰ ਤੋਂ) ਤਰ ਗਏ ਹਨ।(ਉਨ੍ਹਾਂ ਨੇ) ਪ੍ਰਭੂ ਨੂੰ ਮਨ ਤਨ ਤੇ ਬਾਣੀ ਕਰਕੇ ਸਿਮਰ ਸਿਮਰ ਕੇ ਸੁਖ ਪਾਇਆ ਹੈ, ਨਾਨਕ ਹਰੀ ਦੇ ਦਰ ਦੀ ਸ਼ਰਣ ਵਿਚ ਆਇਆ ਹੈ।੨।੭।੧੧।

ਪਦਾਰਥ = ਮਨਿ–ਮਨ ਵਿਚ।ਤਨਿ–ਸਰੀਰ ਵਿਚ।ਪ੍ਰਾਨ–ਪ੍ਰਾਣ ਰੂਪ ਪ੍ਰਭੂ।ਕਰਿ–ਕਰਕੇ।ਸਾਧੂ ਸੰਗਿ–ਸਾਧ ਗੁਰੂ ਦੀ ਸੰਗਤ ਵਿਚ। ਭੇਟੇ–ਮਿਲ ਪਏ।ਪੂਰਨ ਪੁਰਖ–ਸਰਬ ਵਿਆਪਕ ਕਰਤਾਰ।ਸੁਜਾਨ–ਸਭ ਕੁਛ ਜਾਨਣ ਵਾਲਾ।੧।ਰਹਾਉ।ਠਗਉਰੀ–ਇਕ ਨਸ਼ੀਲੀ ਬੂਟੀ, ਜਿਸ ਨਾਲ ਠੱਗ ਲੋਕ ਰਾਹੀਆਂ ਨੂੰ ਬੇਹੋਸ਼ ਕਰਕੇ ਠੱਗ ਲੈਂਦੇ ਹਨ।ਜਿਨ ਕਉ–ਜਿਨ੍ਹਾਂ ਨੂੰ।ਪਾਈ–ਪ੍ਰਾਪਤ ਹੋਈ ਹੈ।ਤਿਨ–ਉਨ੍ਹਾਂ ਨੇ।ਪੀਅਉ–ਪੀਤਾ ਹੈ।ਭਾਰੀ–ਮਹਾਨ; ਵੱਡਾ।ਤਾ ਕੀ–ਉਸ ਦੀ।ਕੁਦਰਤਿ–ਤਾਕਤ।ਕਵਨ–ਕੀ।੧।ਲਾਇ ਲਏ ਲੜਿ–ਲੜ ਲਾ (ਚਰਨਾਂ ਨਾਲ ਜੋੜ) ਲਏ ਹਨ।ਉਧਰੇ–ਤਰ ਗਏ।ਉਧਰਨਹਾਰੇ–ਤਰਨ ਵਾਲੇ।ਸਿਮਰ ਕੇ।ਦੁਆਰੇ–ਦਰ ਦੀ।੨।੭।੧੧।

ਜੈਤਸਰੀ ਮਹਲਾ ੫ ॥ ਆਏ ਅਨਿਕ ਜਨਮ ਭ੍ਰਮਿ ਸਰਣੀ ॥ ਉਧਰੁ ਦੇਹ ਅੰਧ ਕੂਪ ਤੇ, ਲਾਵਹੁ ਅਪੁਨੀ ਚਰਣੀ ॥੧॥ਰਹਾਉ॥ ਗਿਆਨੁ ਧਿਆਨੁ ਕਿਛੁ ਕਰਮੁ ਨ ਜਾਨਾ, ਨਾਹਿਨ ਨਿਰਮਲ ਕਰਣੀ ॥ ਸਾਧ ਸੰਗਤਿ ਕੈ ਅੰਚਲਿ ਲਾਵਹੁ ,ਬਿਖਮ ਨਦੀ ਜਾਇ ਤਰਣੀ ॥੧॥ ਸੁਖ ਸੰਪਤਿ ਮਾਇਆ ਰਸ ਮੀਠੇ, ਇਹ ਨਹੀ ਮਨ ਮਹਿ ਧਰਣੀ ॥ ਹਰਿ ਦਰਸਨ ਤ੍ਰਿਪਤਿ ਨਾਨਕ ਦਾਸ ਪਾਵਤ, ਹਰਿ ਨਾਮ ਰੰਗ ਆਭਰਣੀ ॥੨॥੮॥੧੨॥ (ਹੇ ਪ੍ਰਭੂ! ਅਸੀਂ ਸਾਰੇ ਜੀਵ) ਅਨੇਕਾਂ ਜਨਮਾਂ ਵਿਚ ਭਰਮਦੇ ਹੋਏ (ਹੁਣ ਮਨੁੱਖਾ ਜਨਮ ਪਾ ਕੇ ਤੇਰੀ) ਸ਼ਰਣ ਵਿਚ ਆਏ ਹਾਂ।(ਸਾਡੇ) ਸਰੀਰ ਨੂੰ ਅੰਨ੍ਹੇ ਖੂਹ ਤੋਂ ਬਚਾ ਲਵੋ; ਸੰਸਾਰ ਰੂਪ ਅੰਨ੍ਹੇ ਖੂਹ ਤੋਂ ਮੈਨੂੰ ਉਧਾਰ ਦੇਵੋ ਅਤੇ ਅਪਣੇ ਚਰਨੀਂ ਲਾ ਲਵੋ।੧।ਰਹਾਉ।(ਹੇ ਪ੍ਰਭੂ!) ਮੈਂ ਤੇਰੇ ਬਾਰੇ ਗਿਆਨ ਹੋਣਾ, ਤੇਰੇ ਵਿਚ ਧਿਆਨ ਲਾਉਣਾ ਤੇ ਹੋਰ ਕੁਛ ਧਾਰਮਕ ਕਰਮ ਨਹੀਂ ਜਾਣਦਾ ਅਤੇ ਮੇਰੇ ਕਰਨ ਵਾਲੇ ਕੰਮ ਵੀ ਪਵਿਤ੍ਰ ਨਹੀਂ ਹਨ।(ਕ੍ਰਿਪਾ ਕਰਕੇ ਮੈਨੂੰ) ਸਾਧ ਸੰਗਤ ਦੇ ਪੱਲੇ ਨਾਲ ਲਾ ਲਵੋ, (ਤਾਂ ਕਿ ਸੰਸਾਰ ਰੂਪ) ਔਖੀ ਨਦੀ ਤਰੀ ਜਾ ਸਕੇ।੧।(ਹੇ ਪ੍ਰਭੂ! ਦੁਨਿਆਵੀ) ਸੁਖ ਦੇਣ ਵਾਲਾ ਮਾਲ ਧਨ ਅਤੇ ਮਾਇਆ ਦੇ ਮਿੱਠੇ ਰਸ, ਇਹ ਮੈਂ ਮਨ ਵਿਚ ਧਾਰਨ ਨਹੀਂ ਕੀਤੇ ਹਨ (ਇਨ੍ਹਾਂ ਨਾਲ ਪ੍ਰੇਮ ਨਹੀਂ ਕੀਤਾ)।ਹਰੀ ਦੇ ਦਰਸ਼ਨ ਹੋ ਜਾਣ ਤਾਂ ਦਾਸ ਨਾਨਕ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ ਅਤੇ ਹਰੀ ਦੇ ਨਾਮ ਦਾ ਪ੍ਰੇਮ (ਹੀ ਮੇਰੇ ਜੀਵਨ ਦਾ) ਗਹਿਣਾ ਹੈ।੨।੮।੧੨।

ਪਦਾਰਥ = ਅਨਿਕ–ਅਨੇਕਾਂ।ਭ੍ਰਮਿ–ਘੁੰਮ ਫਿਰ ਕੇ।ਸਰਣੀ–ਸ਼ਰਣ ਵਿਚ।ਉਧਰੁ ਦੇਹ–ਸਰੀਰ ਨੂੰ ਬਚਾ ਲਵੋ; ਉਧਾਰ ਦੇਵੋ।ਅੰਧ ਕੂਪ–ਹਨ੍ਹੇਰਾ ਖੂਹ (ਅਗਿਆਨ ਰੂਪ ਸੰਸਾਰ)।ਤੇ–ਤੋਂ।੧।ਰਹਾਉ।ਕਰਮੁ–ਧਾਰਮਕ ਕਰਮ।ਨ ਜਾਨਾ–ਨਹੀਂ ਜਾਣਦਾ।ਨਾਹਿਨ–ਨਹੀਂ।ਨਿਰਮਲ–ਪਵਿਤ੍ਰ।ਕਰਣੀ–ਕਰਨ ਵਾਲੇ ਕੰਮ; ਆਚਰਨ; ਰਹਿਤ।ਕੈ–ਦੇ।ਅੰਚਲਿ–ਪੱਲੇ ਨਾਲ।ਬਿਖਮ ਨਦੀ–(ਸੰਸਾਰ ਰੂਪ) ਔਖੀ ਨਦੀ; ਪ੍ਰਲੋਕ ਦੇ ਰਸਤੇ ਦੀ ਔਖੀ ਬੈ ਤਰਨੀ ਨਦੀ।ਜਾਇ ਤਰਣੀ–ਤਰੀ ਜਾ ਸਕੇ।੧।ਸੰਪਤਿ–ਮਾਲ ਧਨ।ਮਹਿ–ਵਿਚ।ਧਰਣੀ –ਧਾਰਨ ਕੀਤੇ।ਤ੍ਰਿਪਤਿ–ਰੱਜ; ਸ਼ਾਂਤੀ; ਸੰਤੋਖ।ਪਾਵਤ–ਪ੍ਰਾਪਤ ਹੁੰਦਾ ਹੈ।ਰੰਗ–ਪ੍ਰੇਮ।ਆਭਰਣੀ–ਗਹਿਣਾ।੨।੮।੧੨।

ਜੈਤਸਰੀ ਮਹਲਾ ੫ ॥ ਹਰਿ ਜਨ ਸਿਮਰਹੁ ਹਿਰਦੈ ਰਾਮ ॥ ਹਰਿ ਜਨ ਕਉ ਅਪਦਾ ਨਿਕਟਿ ਨ ਆਵੈ, ਪੂਰਨ ਦਾਸ ਕੇ ਕਾਮ ॥੧॥ ਰਹਾਉ॥ ਕੋਟਿ ਬਿਘਨ ਬਿਨਸਹਿ ਹਰਿ ਸੇਵਾ, ਨਿਹਚਲੁ ਗੋਵਿਦ ਧਾਮ ॥ ਭਗਵੰਤ ਭਗਤ ਕਉ ਭਉ ਕਿਛੁ ਨਾਹੀ, ਆਦਰੁ ਦੇਵਤ ਜਾਮ ॥ ਤਜਿ ਗੋਪਾਲ ਆਨ ਜੋ ਕਰਣੀ, ਸੋਈ ਸੋਈ ਬਿਨਸਤ ਖਾਮ ॥ ਚਰਨ ਕਮਲ ਹਿਰਦੈ ਗਹੁ ਨਾਨਕ, ਸੁਖ ਸਮੂਹ ਬਿਸਰਾਮ ॥੨॥੯॥੧੩॥ ਹੇ ਹਰੀ ਦੇ ਜਨੋਂ! ਪ੍ਰਭੂ ਹਿਰਦੇ ਵਿਚ ਹੀ ਵਸਦਾ ਹੈ, (ਤੁਸੀਂ ਉਸ ਦਾ) ਸਿਮਰਨ ਕਰੋ।(ਸਿਮਰਨ ਕਰਨ ਵਾਲੇ) ਹਰੀ ਦੇ ਜਨਾਂ ਦੇ ਨੇੜੇ ਬਿਪਤਾ ਨਹੀਂ ਆਉਂਦੀ ਅਤੇ ਹਰੀ ਦੇ ਦਾਸਾਂ ਦੇ ਸਾਰੇ ਕੰਮ ਪੂਰੇ ਹੋ ਜਾਂਦੇ ਹਨ।੧।ਰਹਾਉ।ਹਰੀ ਦੀ ਸੇਵਾ ਕਰਨ ਨਾਲ ਕ੍ਰੋੜਾਂ ਬਿਘਨ ਨਾਸ਼ ਹੋ ਜਾਂਦੇ ਹਨ ਅਤੇ ਪ੍ਰਿਥਵੀ ਦੇ ਮਾਲਕ ਹਰੀ ਦਾ ਅਚੱਲ ਟਿਕਾਣਾ ਮਿਲ ਜਾਂਦਾ ਹੈ।ਭਗਵਾਨ ਦੇ ਭਗਤ ਨੂੰ ਕੁਛ ਡਰ ਨਹੀਂ ਰਹਿੰਦਾ ਅਤੇ ਜਮਰਾਜ ਵੀ ਆਦਰ ਦੇਂਦਾ ਹੈ।੧।ਪ੍ਰਿਥਵੀ ਦੀ ਪਾਲਣਾ ਕਰਨ ਵਾਲੇ ਪ੍ਰਭੂ ਨੂੰ ਛਡ ਕੇ ਜੋ ਹੋਰ ਕੰਮ ਕਰਨਾ ਹੈ, ਉਹ ਕੱਚਾ ਹੈ ਤੇ ਉਹ ਨਾਸ਼ ਹੋ ਜਾਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਭਾਈ! ਤੂੰ ਅਪਣੇ) ਹਿਰਦੇ ਵਿਚ ਪ੍ਰਭੂ ਦੇ ਚਰਨ ਫੜ (ਵਸਾ) ਲੈ, ਜੋ ਸਮੂਹ ਸੁਖਾਂ ਦਾ ਟਿਕਾਣਾ ਹਨ।੨।੯।੧੩।

ਪਦਾਰਥ = ਹਰਿ ਜਨ–ਹੇ ਹਰੀ ਦੇ ਜਨੋਂ!।ਹਿਰਦੈ–ਹਿਰਦੇ ਵਿਚ।ਰਾਮ–ਸਰਬ ਵਿਆਪਕ ਪ੍ਰਭੂ।ਕਉ–ਨੂੰ (ਦੇ)।ਅਪਦਾ–ਬਿਪਤਾ। ਨਿਕਟਿ–ਨੇੜੇ।ਪੂਰਨ–ਪੂਰੇ ਹੋ ਜਾਂਦੇ ਹਨ।ਕਾਮ–ਕੰਮ।੧।ਰਹਾਉ।ਕੋਟਿ ਬਿਘਨ–ਕ੍ਰੋੜਾਂ ਰੁਕਾਵਟਾਂ; ਕ੍ਰੋੜਾਂ ਕਲੇਸ਼।ਬਿਨਸਹਿ–ਨਾਸ਼ ਹੋ ਜਾਂਦੇ ਹਨ।ਨਿਹਚਲੁ ਧਾਮ–ਸਦਾ ਕਾਇਮ ਰਹਿਣ ਵਾਲਾ ਘਰ।ਦੇਵਤ–ਦੇਂਦਾ ਹੈ।ਜਾਮ–ਜਮਰਾਜ।੧।ਤਜਿ–ਛਡ ਕੇ।ਗੋਪਾਲ–

ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਪ੍ਰਭੂ।ਆਨ–ਹੋਰ।ਕਰਣੀ–ਕੰਮ।ਸੋਈ–ਉਹ।ਬਿਨਸਤ–ਨਾਸ਼ ਹੋ ਜਾਂਦਾ ਹੈ।ਖਾਮ–ਕੱਚਾ।ਗਹੁ–ਫੜ (ਵਸਾ) ਲੈ।ਸੁਖ ਸਮੂਹ–ਸਾਰੇ ਸੁੱਖਾਂ ਦਾ।ਬਿਸਰਾਮ–ਟਿਕਾਣਾ।੨।੯।੧੩।

ਜੈਤਸਰੀ ਮਹਲਾ ੯ ੧ੴ ਸਤਿਗੁਰ ਪ੍ਰਸਾਦਿ ॥ ਭੂਲਿਓ ਮਨੁ ਮਾਇਆ ਉਰਝਾਇਓ ॥ ਜੋ ਜੋ ਕਰਮ ਕੀਓ ਲਾਲਚ ਲਗਿ, ਤਿਹ ਤਿਹ ਆਪੁ ਬੰਧਾਇਓ ॥੧॥ਰਹਾਉ॥ ਸਮਝ ਨ ਪਰੀ ਬਿਖੈ ਰਸ ਰਚਿਓ, ਜਸੁ ਹਰਿ ਕੋ ਬਿਸਰਾਇਓ ॥ ਸੰਗਿ ਸੁਆਮੀ ਸੋ ਜਾਨਿਓ ਨਾਹਿਨ, ਬਨੁ ਖੋਜਨ ਕਉ ਧਾਇਓ ॥੧॥ ਰਤਨੁ ਰਾਮੁ ਘਟ ਹੀ ਕੇ ਭੀਤਰਿ, ਤਾ ਕੋ ਗਿਆਨੁ ਨ ਪਾਇਓ ॥ (ਹੇ ਭਾਈ! ਵਾਹਿਗੁਰੂ ਤੋਂ) ਭੁੱਲਿਆ ਮਨ ਮਾਇਆ ਵਿਚ ਫਸਿਆ ਹੋਇਆ ਹੈ।(ਮਨ ਨੇ ਮਾਇਆ ਦੇ) ਲਾਲਚ ਵਿਚ ਲਗ ਕੇ ਜੋ ਜੋ ਕੰਮ ਕੀਤੇ, ਉਨ੍ਹਾਂ ਉਨ੍ਹਾਂ (ਕੰਮਾਂ) ਰਾਹੀਂ ਅਪਣੇ ਆਪ ਨੂੰ (ਮਾਇਆ ਦੇ ਮੋਹ ਵਿਚ) ਬੰਨ੍ਹਾ ਲਿਆ ਹੈ।੧।ਰਹਾਉ।(ਇਸ ਮਨ ਨੂੰ ਬੁਰੇ ਭਲੇ ਕੰਮਾਂ ਦੀ) ਸਮਝ ਨਹੀਂ ਪਈ, ਵਿਸ਼ਿਆਂ ਦੇ ਸੁਆਦ ਵਿਚ ਰਚਿਆ ਰਿਹਾ ਹੈ, (ਇਸ ਕਰਕੇ ਇਸ ਨੇ) ਹਰੀ ਦਾ ਜਸ ਕਰਨਾ ਭੁਲਾ ਦਿਤਾ ਹੈ। ਮਾਲਕ ਪ੍ਰਭੂ (ਜੋ ਇਸ ਦੇ ਸਦਾ) ਨਾਲ ਰਹਿੰਦਾ ਹੈ, ਉਹ (ਇਸ ਨੇ) ਜਾਣਿਆ ਨਹੀਂ, (ਉਸ ਪ੍ਰਭੂ ਨੂੰ) ਲੱਭਣ ਲਈ ਜੰਗਲ ਨੂੰ ਦੌੜ ਪਿਆ ਹੈ।੧।(ਹੇ ਭਾਈ!) ਰਾਮ ਰੂਪ ਅਮੋਲਕ ਹੀਰਾ (ਮਨੁੱਖ ਦੇ) ਹਿਰਦੇ ਦੇ ਅੰਦਰ ਹੀ ਮੌਜੂਦ ਹੈ, (ਪਰ ਇਸ ਨੇ ਗੁਰੂ ਦੀ ਸ਼ਰਣ ਵਿਚ ਪੈ ਕੇ) ਉਸ ਦਾ ਗਿਆਨ ਪ੍ਰਾਪਤ ਨਹੀਂ ਕੀਤਾ।

ਭੂਲਿਓ ਮਨੁ = ਮਨ ਨੂੰ ਮਾਇਆ ਨੇ ਫਸਾ ਲਿਆ ਹੈ, (ਜਿਸ ਕਰਕੇ ਮਨ) ਵਾਹਿਗੁਰੂ ਨੂੰ ਭੁੱਲ ਗਿਆ ਹੈ।

ਅੰਗ ੭੦੩ = ਜਨ ਨਾਨਕ ਭਗਵੰਤ ਭਜਨ ਬਿਨੁ ,ਬਿਰਥਾ ਜਨਮੁ ਗਵਾਇਓ ॥੨॥੧॥ ਦਾਸ ਨਾਨਕ ਆਖਦਾ ਹੈ ਕਿ ਵਾਹਿਗੁਰੂ ਦੇ ਭਜਨ ਤੋਂ ਬਿਨਾ (ਮਨੁੱਖ ਨੇ ਅਪਣਾ ਅਮੋਲਕ) ਜਨਮ ਬਿਰਥਾ ਗਵਾ ਲਿਆ ਹੈ।੨।੧।

ਪਦਾਰਥ = ਭੂਲਿਓ–(ਵਾਹਿਗੁਰੂ ਤੋਂ) ਭੁੱਲਿਆ ਹੋਇਆ।ਉਰਝਾਇਓ–ਫਸਿਆ ਹੋਇਆ ਹੈ।ਲਗਿ–ਲਗ ਕੇ।ਤਿਹ–ਉਨ੍ਹਾਂ ਰਾਹੀਂ।ਆਪੁ–ਅਪਣੇ ਆਪ ਨੂੰ।ਬੰਧਾਇਓ–ਬੰਨ੍ਹਾ ਲਿਆ ਹੈ।੧।ਰਹਾਉ।ਨ ਪਰੀ–ਨਹੀਂ ਪਈ।ਬਿਖੈ ਰਸ–ਵਿਸ਼ਿਆਂ ਦੇ ਸੁਆਦ ਵਿਚ। ਰਚਿਓ–ਮਸਤ ਰਿਹਾ।ਕੋ–ਦਾ।ਬਿਸਰਾਇਓ–ਭੁਲਾ ਦਿਤਾ।ਸੰਗਿ–ਨਾਲ; ਅੰਗ ਸੰਗ।ਸੋ–ਉਹ।ਬਨੁ–ਜੰਗਲ।ਕਉ–ਨੂੰ; ਵਾਸਤੇ। ਧਾਇਓ–ਦੌੜ ਪਿਆ।੧।ਰਤਨੁ ਰਾਮੁ–ਵਾਹਿਗੁਰੂ ਰੂਪ ਅਮੋਲਕ ਹੀਰਾ।ਘਟ ਹੀ ਕੇ–ਹਿਰਦੇ ਦੇ ਹੀ।ਭੀਤਰਿ–ਅੰਦਰ।ਤਾ ਕੋ–ਉਸ ਦਾ।ਜਨ ਨਾਨਕ–ਦਾਸ ਨਾਨਕ।ਭਗਵੰਤ–ਵਾਹਿਗੁਰੂ।ਬਿਰਥਾ–ਬਿਅਰਥ।੨।੧।

ਜੈਤਸਰੀ ਮਹਲਾ ੯ ॥ ਹਰਿ ਜੂ ਰਾਖਿ ਲੇਹੁ ਪਤਿ ਮੇਰੀ ॥ ਜਮ ਕੋ ਤ੍ਰਾਸ ਭਇਓ ਉਰ ਅੰਤਰਿ, ਸਰਨ ਗਹੀ ਕਿਰਪਾ ਨਿਧਿ ਤੇਰੀ ॥੧॥ਰਹਾਉ॥ ਮਹਾ ਪਤਿਤ ਮੁਗਧ ਲੋਭੀ ਫੁਨਿ, ਕਰਤ ਪਾਪ ਅਬ ਹਾਰਾ ॥ ਭੈ ਮਰਬੇ ਕੋ ਬਿਸਰਤ ਨਾਹਿਨ, ਤਿਹ ਚਿੰਤਾ ਤਨੁ ਜਾਰਾ ॥੧॥ ਕੀਏ ਉਪਾਵ ਮੁਕਤਿ ਕੇ ਕਾਰਨਿ, ਦਹ ਦਿਸਿ ਕਉ ਉਠਿ ਧਾਇਆ ॥ ਘਟ ਹੀ ਭੀਤਰਿ ਬਸੈ ਨਿਰੰਜਨੁ ,ਤਾ ਕੋ ਮਰਮੁ ਨ ਪਾਇਆ ॥੨॥ ਨਾਹਿਨਿ ਗੁਨੁ ਨਾਹਿਨ ਕਛੁ ਜਪੁ ਤਪੁ ,ਕਉਨੁ ਕਰਮੁ ਅਬ ਕੀਜੈ ॥ ਨਾਨਕ ਹਾਰਿ ਪਰਿਓ ਸਰਨਾਗਤਿ, ਅਭੈ ਦਾਨੁ ਪ੍ਰਭ ਦੀਜੈ ॥੩॥੨॥ ਹੇ ਹਰਿ ਜੀ! ਮੇਰੀ ਇੱਜਤ ਰੱਖ ਲਵੋ।ਮੇਰੇ ਹਿਰਦੇ ਅੰਦਰ ਜਮ ਦਾ ਡਰ ਪਿਆ ਹੋਇਆ ਹੈ, (ਇਸ ਡਰ ਤੋਂ ਬਚਣ ਲਈ) ਹੇ ਕ੍ਰਿਪਾ ਦੇ ਭੰਡਾਰ! ਮੈਂ ਤੇਰੀ ਸ਼ਰਨ ਫੜੀ ਹੈ।੧।ਰਹਾਉ।(ਹੇ ਪ੍ਰਭੂ!) ਮੈਂ ਬੜਾ ਪਾਪੀ, ਮੂਰਖ ਤੇ ਲੋਭੀ ਹਾਂ, ਮੁੜ ਮੁੜ ਪਾਪ ਕਰਦਾ ਹੁਣ ਮੈਂ ਥੱਕ ਗਿਆ ਹਾਂ।ਮਰਨ ਦਾ ਡਰ (ਮੈਨੂੰ ਕਦੇ ਵੀ) ਨਹੀਂ ਭੁਲਦਾ, ਉਸ ਡਰ ਦੀ ਚਿੰਤਾ ਨੇ ਮੇਰਾ ਸਰੀਰ ਸਾੜ ਦਿਤਾ ਹੈ।੧।(ਹੇ ਪ੍ਰਭੂ!) ਮੈਂ ਮੁਕਤੀ ਪ੍ਰਾਪਤ ਕਰਨ ਦੇ ਲਈ ਬੜੇ ਜਤਨ ਕੀਤੇ ਹਨ ਅਤੇ ਦਸੇ ਦਿਸ਼ਾਵਾਂ ਵਲ ਉਠ ਦੌੜਿਆ ਹਾਂ।ਮਾਇਆ ਤੋਂ ਨਿਰਲੇਪ ਪ੍ਰਭੂ ਜੋ ਹਿਰਦੇ ਦੇ ਅੰਦਰ ਹੀ ਵਸਦਾ ਹੈ, ਉਸ ਦਾ ਭੇਤ ਮੈਂ ਪਾ ਨਹੀਂ ਸਕਿਆ।੨।(ਹੇ ਪ੍ਰਭੂ! ਮੇਰੇ ਵਿਚ) ਕੋਈ ਗੁਣ ਨਹੀਂ, ਨਾ ਹੀ ਮੈਂ ਕੁਛ ਜਪ ਤਪ ਕੀਤਾ ਹੈ, (ਮੁਕਤ ਹੋਣ ਵਾਸਤੇ) ਹੁਣ ਕਿਹੜਾ ਕਰਮ ਕੀਤਾ ਜਾਵੇ? ਹੇ ਪ੍ਰਭੂ! ਨਾਨਕ ਥੱਕ ਕੇ ਤੇਰੀ ਸਰਨ ਵਿਚ ਆ ਪਿਆ ਹੈ, (ਤੂੰ ਮੈਨੂੰ ਮੌਤ ਤੋਂ) ਨਿਰਭੈ ਹੋ ਜਾਣ ਦਾ ਦਾਨ ਬਖਸ਼ ਦੇ।੩।੨।

ਪਦਾਰਥ = ਹਰਿ ਜੂ–ਹੇ ਹਰਿ ਜੀ!।ਪਤਿ–ਇੱਜਤ।ਜਮ ਕੋ ਤ੍ਰਾਸ–ਜਮ ਦਾ ਡਰ।ਭਇਓ–ਹੋਇਆ ਹੈ।ਉਰ ਅੰਤਰਿ–ਹਿਰਦੇ ਅੰਦਰ।ਗਹੀ–ਫੜੀ ਹੈ।ਕਿਰਪਾ ਨਿਧਿ–ਹੇ ਕ੍ਰਿਪਾ ਦੇ ਭੰਡਾਰ।੧।ਰਹਾਉ।ਮਹਾ ਪਤਿਤ–ਬੜਾ ਪਾਪੀ।ਮੁਗਧ–ਮੂਰਖ।ਫੁਨਿ–ਮੁੜ ਮੁੜ। ਅਬ–ਹੁਣ।ਹਾਰਾ–ਥੱਕ ਗਿਆ ਹਾਂ।ਮਰਬੇ ਕੋ–ਮਰਨ ਦਾ।ਬਿਸਰਤ ਨਾਹਿਨ–ਭੁਲਦਾ ਨਹੀਂ।ਤਿਹ–ਉਸ ਦੀ।ਤਨੁ–ਸਰੀਰ।ਜਾਰਾ–ਸਾੜ ਦਿਤਾ ਹੈ।੧।ਕੀਏ ਉਪਾਵ–ਜਤਨ ਕੀਤੇ।ਕੇ ਕਾਰਨਿ–ਦੇ ਲਈ।ਦਹ ਦਿਸਿ–ਦਸੇ ਦਿਸ਼ਾਂਵਾਂ ਵੱਲ (ਸਾਰੇ ਪਾਸੇ)।ਧਾਇਆ–ਦੌੜਿਆ।ਘਟ ਹੀ ਭੀਤਰਿ–ਹਿਰਦੇ ਦੇ ਅੰਦਰ ਹੀ।ਨਿਰੰਜਨੁ–ਮਾਇਆ ਤੋਂ ਨਿਰਲੇਪ ਪ੍ਰਭੂ।ਤਾ ਕੋ–ਉਸ ਦਾ।ਮਰਮੁ–ਭੇਤ।੨।ਕੀਜੈ–ਕੀਤਾ ਜਾਵੇ।ਕਰਮੁ–ਧਾਰਮਕ ਕਰਮ।ਹਾਰਿ–ਥੱਕ ਕੇ।ਪਰਿਓ ਸਰਨਾਗਤਿ–ਸਰਨ ਵਿਚ ਆ ਪਿਆ ਹਾਂ।ਅਭੈ ਦਾਨੁ–(ਮੌਤ ਤੋਂ) ਨਿਰਭੈ ਹੋ ਜਾਣ ਦਾ ਦਾਨ।ਪ੍ਰਭ–ਹੇ ਪ੍ਰਭੂ!।ਦੀਜੈ–ਬਖਸ਼ ਦੇਹ।੩।੨।

ਜੈਤਸਰੀ ਮਹਲਾ ੯ ॥ ਮਨ ਰੇ ਸਾਚਾ ਗਹੋ ਬਿਚਾਰਾ ॥ ਰਾਮ ਨਾਮ ਬਿਨੁ ਮਿਥਿਆ ਮਾਨੋ, ਸਗਰੋ ਇਹੁ ਸੰਸਾਰਾ ॥੧॥ਰਹਾਉ॥ ਜਾ ਕਉ ਜੋਗੀ ਖੋਜਤ ਹਾਰੇ, ਪਾਇਓ ਨਾਹਿ ਤਿਹ ਪਾਰਾ ॥ ਸੋ ਸੁਆਮੀ ਤੁਮ ਨਿਕਟਿ ਪਛਾਨੋ, ਰੂਪ ਰੇਖ ਤੇ ਨਿਆਰਾ ॥੧॥ ਪਾਵਨ

ਨਾਮੁ ਜਗਤ ਮੈ ਹਰਿ ਕੋ, ਕਬਹੂ ਨਾਹਿ ਸੰਭਾਰਾ ॥ ਨਾਨਕ ਸਰਨਿ ਪਰਿਓ ਜਗ ਬੰਦਨ, ਰਾਖਹੁ ਬਿਰਦੁ ਤੁਹਾਰਾ ॥੨॥੩॥ ਹੇ ਮੇਰੇ ਮਨ! ਤੂੰ ਸੱਚਾ ਵਿਚਾਰ ਗ੍ਰਹਿਣ ਕਰ। ਰਾਮ ਦੇ ਨਾਮ ਤੋਂ ਬਿਨਾ ਇਹ ਸਾਰਾ ਸੰਸਾਰ ਮਿਥਿਆ ਮੰਨ।੧।ਰਹਾਉ।(ਹੇ ਮਨ!) ਜਿਸ ਪ੍ਰਭੂ ਨੂੰ ਜੋਗੀ ਲੋਕ ਖੋਜਦੇ ਹੋਏ ਥੱਕ ਗਏ ਅਤੇ ਉਸ ਦਾ ਪਾਰ ਨਹੀਂ ਪਾ ਸਕੇ ਸਨ। ਉਹ ਸੁਆਮੀ ਜੋ ਅਕਾਰ ਤੇ ਚਿੰਨ੍ਹਾਂ ਤੋਂ ਰਹਿਤ ਹੈ, ਤੂੰ (ਉਸ ਨੂੰ ਅਪਣੇ) ਨੇੜੇ ਵਸਦਾ ਪਛਾਣ।੧।(ਹੇ ਮਨ!) ਜਗਤ ਵਿਚ ਹਰੀ ਦਾ ਨਾਮ ਪਵਿਤ੍ਰ ਕਰਨ ਵਾਲਾ ਹੈ, ਤੈਂ ਉਸ ਨੂੰ ਕਦੇ ਨਹੀਂ ਯਾਦ ਕੀਤਾ।(ਅਰਦਾਸ) ਹੇ ਜਗਤ ਦੇ ਨਮਸ਼ਕਾਰ ਕਰਨ ਯੋਗ ਹਰੀ! ਨਾਨਕ ਤੇਰੀ ਸ਼ਰਨ ਵਿਚ ਪਿਆ ਹੈ, (ਸ਼ਰਨ ਪਏ ਦੀ ਮੇਰੀ ਲਾਜ) ਰੱਖ, ਜੋ ਤੇਰਾ ਮੁੱਢ ਤੋਂ ਬਣਿਆ ਸੁਭਾਵ ਹੈ (ਮੇਰੇ ਔਗਣ ਨਾ ਚਿਤਾਰ)।੨।੩।

ਪਦਾਰਥ = ਮਨ ਰੇ–ਹੇ ਮਨ!।ਗਹੋ–ਗ੍ਰਹਿਣ (ਧਾਰਨ) ਕਰ।ਮਿਥਿਆ–ਨਾਸ਼ਵੰਤ।ਮਾਨੋ–ਮੰਨ (ਸਮਝ)।ਸਗਰੋ–ਸਾਰਾ।੧।ਰਹਾਉ।ਜਾ ਕਉ–ਜਿਸ ਨੂੰ।ਹਾਰੇ–ਥੱਕ ਗਏ।ਤਿਹ–ਉਸ ਦਾ।ਪਾਰਾ–ਪਾਰਲਾ ਕਿਨਾਰਾ; ਅੰਤ।ਸੋ–ਉਹ।ਸੁਆਮੀ–ਮਾਲਕ ਪ੍ਰਭੂ।ਨਿਕਟਿ–ਨੇੜੇ।ਰੂਪ–ਸ਼ਕਲ ਸੂਰਤ; ਅਕਾਰ।ਰੇਖ–ਚਿੰਨ੍ਹ।ਨਿਆਰਾ–ਅਲੱਗ; ਰਹਿਤ।੧।ਪਾਵਨ–ਪਵਿਤ੍ਰ।ਮੈ–ਵਿਚ।ਕੋ–ਦਾ।ਕਬਹੂ–ਕਦੇ ਵੀ।ਨਾਹਿ ਸੰਭਾਰਾ–ਯਾਦ ਨਹੀਂ ਕੀਤਾ।ਪਰਿਓ–ਪਿਆ ਹੈ।ਜਗ ਬੰਦਨ–ਹੇ ਜਗਤ ਦੇ ਨਮਸ਼ਕਾਰ ਕਰਨ ਯੋਗ ਪ੍ਰਭੂ!।ਰਾਖਹੁ–(ਲਾਜ) ਰੱਖ।ਬਿਰਦੁ–ਮੁੱਢ ਤੋਂ ਬਣਿਆ ਸੁਭਾਵ।ਤੁਹਾਰਾ–ਤੇਰਾ।੨।੩।

ਜੈਤਸਰੀ ਮਹਲਾ ੫ ਛੰਤ ਘਰੁ ੧ ੴ ਸਤਿਗੁਰ ਪ੍ਰਸਾਦਿ ॥ ਸਲੋਕ ॥ ਦਰਸਨ ਪਿਆਸੀ ਦਿਨਸੁ ਰਾਤਿ, ਚਿਤਵਉ ਅਨਦਿਨੁ ਨੀਤ ॥ ਖੋਲ੍ਹਿ ਕਪਟ ਗੁਰਿ ਮੇਲੀਆ, ਨਾਨਕ ਹਰਿ ਸੰਗਿ ਮੀਤ ॥੧॥ (ਹੇ ਭਾਈ!) ਮੈਂ ਦਿਨ ਰਾਤ ਪ੍ਰਭੂ ਦੇ ਦਰਸ਼ਨਾਂ ਦੀ ਪਿਆਸੀ ਹਾਂ, ਮੈਂ ਹਰ ਰੋਜ ਸਦਾ ਹੀ (ਉਸ ਨੂੰ) ਯਾਦ ਕਰਦੀ ਰਹਿੰਦੀ ਹਾਂ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਨੇ (ਅਪਣੇ ਉਪਦੇਸ਼ ਰਾਹੀਂ) ਮੇਰੇ ਮਨ ਦੇ (ਆਸਾ ਅੰਦੇਸਾ ਰੂਪ) ਦਰਵਾਜੇ ਖੋਲ੍ਹ ਕੇ ਮੈਨੂੰ ਹਰੀ ਮਿਤ੍ਰ ਨਾਲ ਮਿਲਾ ਦਿਤਾ ਹੈ।੧।

ਛੰਤ ॥ ਸੁਣਿ ਯਾਰ ਹਮਾਰੇ ਸਜਣ, ਇਕ ਕਰਉ ਬੇਨੰਤੀਆ ॥ ਤਿਸੁ ਮੋਹਨ ਲਾਲ ਪਿਆਰੇ, ਹਉ ਫਿਰਉ ਖੋਜੰਤੀਆ ॥ ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ, ਇਕ ਭੋਰੀ ਦਰਸਨੁ ਦੀਜੈ ॥ ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ, ਇਕੁ ਤਿਲੁ ਭੀ ਨ ਧੀਰੀਜੈ ॥ ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ. ਚਾਤ੍ਰਿਕ ਜਿਵੈ ਤਿਸੰਤੀਆ ॥ ਜਨ ਨਾਨਕ ਗੁਰੁ ਪੂਰਾ ਪਾਇਆ, ਸਗਲੀ ਤਿਖਾ ਬੁਝੰਤੀਆ ॥੧॥ ਯਾਰ ਵੇ ਪ੍ਰਿਅ ਹਭੇ ਸਖੀਆ, ਮੂ ਕਹੀ ਨ ਜੇਹੀਆ ॥ ਯਾਰ ਵੇ ਹਿਕਿ ਡੂੰ ਹਿਕਿ ਚਾੜੈ, ਹਉ ਕਿਸੁ ਚਿਤੇਹੀਆ ॥ ਹਿਕ ਦੂੰ ਹਿਕਿ ਚਾੜੇ ਅਨਿਕ ਪਿਆਰੇ, ਨਿਤ ਕਰਦੇ ਭੋਗ ਬਿਲਾਸਾ ॥ ਤਿਨਾ ਦੇਖਿ ਮਨਿ ਚਾਉ ਉਠੰਦਾ, ਹਉ ਕਦਿ ਪਾਈ ਗੁਣ ਤਾਸਾ ॥ ਜਿਨੀ ਮੈਡਾ ਲਾਲੁ ਰੀਝਾਇਆ, ਹਉ ਤਿਸੁ ਆਗੈ ਮਨੁ ਡੇਂਹੀਆ ॥ ਨਾਨਕੁ ਕਹੈ ਸੁਣਿ ਬਿਨਉ ਸੁਹਾਗਣਿ, ਮੂ ਦਸਿ ਡਿਖਾ ਪਿਰੁ ਕੇਹੀਆ ॥੨॥ਹੇ ਮੇਰੇ ਮਿਤ੍ਰ ਸੱਜਣ (ਸਤਿਗੁਰੂ! ਕ੍ਰਿਪਾ ਕਰਕੇ ਤੂੰ) ਸੁਣ, ਮੈਂ (ਤੇਰੇ ਅੱਗੇ) ਇਕ ਬੇਨਤੀ ਕਰਦੀ ਹਾਂ। ਮਨ ਨੂੰ ਮੋਹ ਲੈਣ ਵਾਲੇ ਉਸ ਹਰੀ ਪਿਆਰੇ ਨੂੰ ਮੈਂ ਖੋਜਦੀ ਫਿਰਦੀ ਹਾਂ। ਮੈਨੂੰ ਉਸ ਪਿਆਰੇ ਪ੍ਰਭੂ ਦੀ ਦੱਸ ਪਾ, ਮੈਂ (ਅਪਣਾ) ਸਿਰ ਉਤਾਰ ਕੇ (ਉਸ ਦੇ ਚਰਨਾਂ ਵਿਚ) ਰੱਖ ਦਿਆਂਗੀ, ਜੇ ਕਿਤੇ ਉਹ ਮੈਨੂੰ ਇਕ ਭੋਰਾ ਭਰ ਦਰਸ਼ਨ ਦੇ ਦੇਵੇ। ਸਾਡੀਆਂ ਅੱਖਾਂ ਪਿਆਰੇ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੀਆਂ ਹੋਈਆਂ ਹਨ, ਉਸ ਤੋਂ ਬਿਨਾ ਇਕ ਤਿਲ ਭਰ ਵੀ ਸ਼ਾਂਤੀ ਨਹੀਂ ਆਉਂਦੀ। ਪ੍ਰਭੂ ਨਾਲ (ਮੇਰਾ ਮਨ ਇਉਂ) ਲੀਨ ਹੈ ਜਿਵੇਂ ਮੱਛੀ ਪਾਣੀ ਵਿਚ ਮਗਨ ਹੁੰਦੀ ਹੈ ਅਤੇ ਜਿਵੇਂ ਪਪੀਹਾ ਸ੍ਵਾਂਤੀ ਬੂੰਦ ਲਈ ਤਿਹਾਇਆ ਹੁੰਦਾ ਹੈ। ਦਾਸ ਨਾਨਕ ਨੇ (ਜਦ) ਪੂਰਾ ਗੁਰੂ ਪਾ ਲਿਆ, (ਤਾਂ ਪਦਾਰਥਾਂ ਦੀ) ਸਾਰੀ ਪਿਆਸ ਬੁਝ ਗਈ।੧। ਹੇ ਮਿਤ੍ਰ! ਪਿਆਰੇ ਪ੍ਰਭੂ ਪਤੀ ਦੀਆਂ ਜੋ ਸਭ ਸਖੀਆਂ (ਜੀਵ ਇਸਤ੍ਰੀਆਂ) ਹਨ, ਮੈਂ ਉਨ੍ਹਾਂ ਵਿਚੋਂ ਕਿਸੇ ਜਿਹੀ ਵੀ (ਗੁਣਵਾਨ) ਨਹੀਂ ਹਾਂ। ਹੇ ਮਿਤ੍ਰ! ਇਕ ਤੋਂ ਇਕ ਵਧੇਰੇ ਸੋਹਣੀਆਂ (ਗੁਣਵਾਨ ਇਸਤ੍ਰੀਆਂ) ਹਨ, ਮੈਂ ਕਿਸ ਨੂੰ ਚੇਤੇ ਹਾਂ? (ਮੈਂ ਇਸ ਲਾਇਕ ਨਹੀਂ ਕਿ ਪ੍ਰਭੂ ਦੇ ਖਿਆਲ ਵਿਚ ਆ ਸਕਾਂ। ਹਰੀ ਦੇ) ਇਕ ਤੋਂ ਇਕ ਚੜ੍ਹ ਕੇ (ਸੋਹਣੇ ਜੀਵਨ ਵਾਲੇ) ਅਨੇਕਾਂ ਪਿਆਰੇ (ਗੁਰਮੁਖ) ਹਨ, ਹਰ ਰੋਜ (ਉਹ ਪ੍ਰਭੂ ਪਤੀ ਦੇ) ਮਿਲਾਪ ਦਾ ਅਨੰਦ ਮਾਣਦੇ ਹਨ। ਉਨ੍ਹਾਂ (ਗੁਰਮੁਖਾਂ) ਨੂੰ ਦੇਖ ਕੇ ਮੇਰੇ ਮਨ ਵਿਚ ਚਾਉ ਉਠਦਾ ਹੈ ਕਿ ਮੈਂ ਕਦੋਂ ਗੁਣਾਂ ਭੰਡਾਰ ਹਰੀ ਨੂੰ ਪ੍ਰਾਪਤ ਕਰਾਂ। ਜਿਸ (ਗੁਰਮੁਖ ਇਸਤ੍ਰੀ) ਨੇ ਮੇਰੇ ਪਿਆਰੇ ਪ੍ਰਭੂ ਨੂੰ ਪ੍ਰਸੰਨ ਕਰ ਲਿਆ ਹੈ, ਮੈਂ ਉਸ ਅੱਗੇ ਅਪਣਾ ਮਨ ਦੇ (ਭੇਟਾ ਕਰ) ਦੇਵਾਂ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਸੁਹਾਗਣ! ਮੇਰੀ ਬੇਨਤੀ ਸੁਣ, ਮੈਨੂੰ ਦੱਸ, ਮੈਂ ਦੇਖਾਂ ਕਿ ਪਿਆਰਾ ਪ੍ਰਭੂ ਪਤੀ ਕਿਹੋ ਜਿਹਾ ਹੈ?।੨।

ਪਦਾਰਥ = ਸਲੋਕ।ਪਿਆਸੀ–ਤਿਹਾਈ; ਚਾਹਵਾਨ।ਚਿਤਵਉ–ਯਾਦ ਕਰਦੀ ਹਾਂ।ਅਨਦਿਨੁ–ਹਰ ਰੋਜ।ਨੀਤ–ਨਿੱਤ (ਸਦਾ)।ਖੋਲ੍ਹਿ–ਖੋਲ੍ਹ ਕੇ।ਕਪਟ–ਕਪਾਟ (ਦਰਵਾਜੇ)।ਗੁਰਿ–ਗੁਰੂ ਨੇ।ਮੇਲੀਆ–ਮਿਲਾ ਦਿਤਾ ਹੈ।ਸੰਗਿ–ਨਾਲ।ਮੀਤ–ਮਿਤ੍ਰ।੧।ਛੰਤ।ਯਾਰ–ਹੇ ਮਿਤ੍ਰ!।ਹਮਾਰੇ–ਮੇਰੇ।ਸਜਣ–ਹੇ ਸ੍ਰੇਸਟ ਪੁਰਖ (ਸਤਿਗੁਰੂ)!।ਕਰਉ–ਮੈਂ ਕਰਦੀ ਹਾਂ।ਮੋਹਨ–ਮਨ ਨੂੰ ਮੋਹ ਲੈ ਵਾਲਾ।ਲਾਲ ਪਿਆਰੇ–ਪਿਆਰੇ ਲਾਲ ਪ੍ਰਭੂ ਨੂੰ।ਹਉ–ਮੈਂ।ਫਿਰਉ ਖੋਜੰਤੀਆ–ਖੋਜਦੀ ਫਿਰਦੀ ਹਾਂ।ਤਿਸੁ–ਉਸ ਨੂੰ।ਦਸਿ–ਦੱਸ ਪਾ।ਧਰੀ ਉਤਾਰੇ–ਉਤਾਰ ਕੇ ਧਰ ਦਿਆਂਗੀ।ਇਕ ਭੋਰੀ–ਇਕ ਭੋਰਾ ਭਰ ਸਮੇਂ ਲਈ।ਦੀਜੈ–ਦੇਵੇ।ਨੈਨ–ਅੱਖਾਂ।ਪ੍ਰਿਅ–ਪਿਆਰੇ ਦੇ।ਰੰਗ ਰੰਗਾਰੇ–ਪ੍ਰੇਮ ਰੰਗ ਵਿਚ ਰੰਗੀਆਂ ਹਨ।ਇਕ ਤਿਲੁ–ਇਕ ਤਿਲ ਭਰ।ਨ ਧੀਰੀਜੈ–ਸ਼ਾਂਤੀ ਨਹੀਂ ਆਉਂਦੀ; ਮਨ ਟਿਕਦਾ ਨਹੀਂ।ਸਿਉ–ਨਾਲ।ਲੀਨਾ–

ਮਸਤ।ਮੀਨਾ-ਮੱਛੀ।ਚਾਤ੍ਰਿਕ-ਪਪੀਹਾ।ਜਿਵੈ-ਜਿਵੇਂ।ਤਿਸੰਤੀਆ-ਤਿਹਾਇਆ ਹੁੰਦਾ ਹੈ।ਸਗਲੀ-ਸਾਰੀ।ਤਿਖਾ-ਪਿਆਸ (ਰੁਚੀ)।ਬੁਝੰਤੀਆ-ਬੁਝ ਗਈ।੧।ਯਾਰ ਵੇ-ਹੇ ਮਿਤ੍ਰ!।ਪ੍ਰਿਅ-ਪਿਆਰੇ ਦੀਆਂ।ਹਭੇ-ਸਭ।ਸਖੀਆ-ਸਹੇਲੀਆਂ।ਕਹੀ ਨ ਜੇਹੀਆ-ਕਿਸੇ ਜੇਹੀ (ਵਰਗੀ) ਵੀ ਨਹੀਂ।ਮੂ-ਮੈਂ।ਹਿਕਿ ਡੂੰ ਹਿਕਿ-ਇਕ ਤੋਂ ਇਕ।ਚਾੜੈ-ਚੜ੍ਹਦੀਆਂ (ਸੋਹਣੀਆਂ; ਗੁਣਵਾਨ)।ਹਉ-ਮੈਂ।ਕਿਸੁ ਚਿਤੇਹੀਆ-ਕਿਸ ਨੂੰ ਚੇਤੇ ਹਾਂ।ਅਨਿਕ-ਅਨੇਕਾਂ।ਨਿਤ-ਹਰ ਰੋਜ; ਸਦਾ।ਭੋਗ ਬਿਲਾਸਾ-ਰੰਗ ਰਲੀਆਂ; ਮਿਲਾਪ ਦਾ ਅਨੰਦ।ਤਿਨਾ-ਉਨ੍ਹਾਂ ਨੂੰ।ਮਨਿ-ਮਨ ਵਿਚ।ਚਾਉ-ਉਤਸ਼ਾਹ।ਉਠੰਦਾ-ਪੈਦਾ ਹੁੰਦਾ ਹੈ।ਪਾਈ-ਪ੍ਰਾਪਤ ਕਰਾਂ।ਗੁਣ ਤਾਸਾ-ਗੁਣਾਂ ਦੇ ਭੰਡਾਰ ਹਰੀ ਨੂੰ।ਜਿਨੀ-ਜਿਸ ਨੇ।ਮੈਡਾ-ਮੇਰਾ।ਰੀਝਾਇਆ-ਪ੍ਰਸੰਨ ਕਰ ਲਿਆ ਹੈ।ਡੇਂਹੀਆ-ਦੇ ਦਿਆਂ।ਬਿਨਉ-ਬੇਨਤੀ।ਸੁਹਾਗਣਿ-ਹੇ ਸੁਹਾਗਣ (ਹਰੀ ਨੂੰ ਮਿਲੇ ਹੋਏ ਗੁਰਮੁਖ)!।ਮੂ-ਮੈਨੂੰ।ਡਿਖਾ-ਦੇਖਾਂ।ਪਿਰੁ ਕੇਹੀਆ-ਪਤੀ ਕਿਹੋ ਜਿਹਾ ਹੈ।੨।

ਨੋਟ = ਮੂ, ਹਿਕ, ਡੂੰ, ਦੂੰ ,ਹਭੇ, ਡਿਖਾ, ਡੇਂਹੀਆ, ਮੈਡਾ ਆਦਿ ਸ਼ਬਦ ਲਹਿੰਦੀ ਬੋਲੀ ਦੇ ਹਨ।

ਯਾਰ ਵੇ ਪਿਰੁ ਆਪਣ ਭਾਣਾ, ਕਿਛੁ ਨੀਸੀ ਛੰਦਾ ॥ ਯਾਰ ਵੇ ਤੈ ਰਾਵਿਆ ਲਾਲਨੁ ,ਮੂ ਦਸਿ ਦਸੰਦਾ ॥ ਲਾਲਨੁ ਤੈ ਪਾਇਆ ਆਪੁ ਗਵਾਇਆ, ਜੈ ਧਨ ਭਾਗ ਮਥਾਣੇ ॥ (ਹੁਣ ਸੁਹਾਗਣ ਦਸਦੀ ਹੈ ਕਿ) ਹੇ (ਸਤਸੰਗੀ) ਮਿਤ੍ਰ! ਪ੍ਰਭੂ ਪਤੀ ਅਪਣੀ ਮਰਜੀ ਕਰਦਾ ਹੈ ,ਉਸ ਨੂੰ ਕਿਸੇ ਦੀ ਕੁਛ ਮੁਥਾਜੀ ਨਹੀਂ ਹੈ।(ਹੁਣ ਜਗਿਆਸੂ ਇਸਤ੍ਰੀ ਆਖਦੀ ਹੈ ਕਿ) ਹੇ ਮਿਤ੍ਰ! ਤੈਂ ਪਿਆਰੇ ਪ੍ਰਭੂ ਦਾ ਅਨੰਦ ਭੋਗਿਆ ਹੈ, ਮੈਨੂੰ ਵੀ ਦੱਸ, ਮੈਂ ਪੁੱਛਣ ਵਾਲਾ (ਸਵਾਲੀ) ਹਾਂ।(ਹੇ ਸੁਹਾਗਣ!) ਤੈਂ ਪਿਆਰੇ ਹਰੀ ਨੂੰ ਪਾਇਆ ਹੈ, (ਕਿਉਂਕਿ ਤੈਂ) ਆਪਾ ਭਾਵ ਗਵਾਇਆ ਹੈ, (ਸੁਹਾਗਣ ਆਖਦੀ ਹੈ ਕਿ) ਜਿਸ ਇਸਤ੍ਰੀ ਦੇ ਮੱਥੇ ਉਤੇ ਚੰਗੇ ਭਾਗ ਲਿਖੇ ਹੋਏ ਹਨ (ਉਹ ਪ੍ਰਭੂ ਪਤੀ ਨੂੰ ਮਿਲਦੀ ਹੈ)।ਅੱਗੇ ਸੁਹਾਗਣ ਇਸਤ੍ਰੀ ਪਤੀ ਨਾਲ ਅਪਣੇ ਮਿਲਾਪ ਬਾਰੇ ਦਸਦੀ ਹੈ।

ਅੰਗ ੭੦੪ = ਬਾਂਹ ਪਕੜਿ ਠਾਕੁਰਿ ਹਉ ਘਿਧੀ, ਗੁਣ ਅਵਗਣ ਨ ਪਛਾਣੇ ॥ ਗੁਣ ਹਾਰੁ ਤੈ ਪਾਇਆ ਰੰਗੁ ਲਾਲੁ ਬਣਾਇਆ, ਤਿਸੁ ਹਭੋ ਕਿਛੁ ਸੁਹੰਦਾ ॥ ਜਨ ਨਾਨਕ ਧੰਨਿ ਸੁਹਾਗਣਿ ਸਾਈ, ਜਿਸੁ ਸੰਗਿ ਭਤਾਰੁ ਵਸੰਦਾ ॥੩॥ ਯਾਰ ਵੇ ਨਿਤ ਸੁਖ ਸੁਖੇਦੀ, ਸਾ ਮੈ ਪਾਈ ॥ ਵਰੁ ਲੋੜੀਦਾ ਆਇਆ, ਵਜੀ ਵਾਧਾਈ ॥ ਮਹਾ ਮੰਗਲੁ ਰਹਸੁ ਥੀਆ, ਪਿਰੁ ਦਇਆਲੁ ਸਦ ਨਵ ਰੰਗੀਆ ॥ ਵਡ ਭਾਗਿ ਪਾਇਆ ਗੁਰਿ ਮਿਲਾਇਆ, ਸਾਧ ਕੈ ਸਤਸੰਗੀਆ ॥ ਆਸਾ ਮਨਸਾ ਸਗਲ ਪੂਰੀ, ਪ੍ਰਿਅ ਅੰਕਿ ਅੰਕੁ ਮਿਲਾਈ ॥ ਬਿਨਵੰਤਿ ਨਾਨਕੁ ਸੁਖ ਸੁਖੇਦੀ, ਸਾ ਮੈ ਗੁਰ ਮਿਲਿ ਪਾਈ ॥੪॥੧॥ ਮਾਲਕ ਪ੍ਰਭੂ ਨੇ ਬੁੱਧੀ ਰੂਪ ਬਾਂਹ ਫੜ ਕੇ ਮੈਨੂੰ ਅਪਣਾ ਬਣਾ ਲਿਆ ਹੈ ਅਤੇ ਮੇਰੇ ਗੁਣ ਔਗੁਣ ਨਹੀਂ ਪਛਾਣੇ।ਹੇ ਪ੍ਰਭੂ! (ਜਿਸ ਇਸਤ੍ਰੀ ਦੇ ਗਲ ਵਿਚ) ਤੈਂ ਗੁਣਾਂ ਦਾ ਹਾਰ ਪਾਇਆ ਹੈ ਅਤੇ (ਉਸ ਦਾ) ਸੋਹਣਾ ਲਾਲ ਰੰਗ ਬਣਾਇਆ ਹੈ (ਲਾਲ ਰੰਗ ਸੁਹਾਗ ਦੇ ਚਿੰਨ੍ਹ ਵੱਜੋਂ ਲਿਆ ਹੈ), ਉਸ ਨੂੰ ਸਭ ਕੁਛ (ਪਹਿਨਿਆ ਤੇ ਉਸ ਦਾ ਸ਼ਿੰਗਾਰ ਕੀਤਾ) ਸੋਹਣਾ ਲਗਦਾ ਹੈ।ਦਾਸ ਨਾਨਕ ਆਖਦਾ ਹੈ ਕਿ ਉਹ ਸੁਹਾਗਣ ਧੰਨ ਹੈ, ਜਿਸ ਦੇ ਨਾਲ ਪਤੀ (ਪ੍ਰਭੂ) ਵਸਦਾ ਹੈ।੩।ਹੇ ਮਿਤ੍ਰ! (ਜਿਸ ਪ੍ਰਭੂ ਪਤੀ ਦੀ ਪ੍ਰਾਪਤੀ ਵਾਸਤੇ) ਮੈਂ ਸੁੱਖਾਂ ਸੁਖਦੀ ਸੀ, ਉਹ ਮੈਂ ਪਾ ਲਈ ਹੈ (ਸੁੱਖ ਪੂਰੀ ਹੋ ਗਈ ਹੈ।ਜਿਸ) ਪਤੀ ਨੂੰ ਮੈਂ ਚਾਹੁੰਦੀ ਸਾਂ, ਉਹ ਆ ਗਿਆ ਹੈ ਅਤੇ ਵਧਾਈਆਂ ਵਜ (ਮਿਲ) ਰਹੀਆਂ ਹਨ (ਖੁਸ਼ੀਆਂ ਹੋ ਰਹੀਆਂ ਹਨ)।ਬਹੁਤ ਖੁਸ਼ੀਆਂ ਤੇ ਅਨੰਦ ਹੋਇਆ, (ਕਿਉਂਕਿ) ਸਦਾ ਨਵੇਂ ਜੋਬਨ ਵਾਲਾ ਦਿਆਲੂ ਪਤੀ ਮਿਲ ਗਿਆ ਹੈ।ਵੱਡੇ ਭਾਗਾਂ ਨਾਲ (ਉਹ ਪਤੀ) ਪਾਇਆ ਹੈ, (ਜੋ ਕਿ ਮੈਨੂੰ) ਗੁਰੂ ਨੇ ਸਾਧੂਆਂ ਦੇ ਸਤਸੰਗੀਆਂ ਰਾਹੀਂ ਮਿਲਾਇਆ ਹੈ।ਮੇਰੀ ਆਸਾ ਤੇ ਇੱਛਾ ਸਭ ਪੂਰੀਆਂ ਹੋ ਗਈਆਂ ਹਨ, ਪਿਆਰੇ ਪਤੀ ਨੇ ਅਪਣੇ ਅੰਗ ਨਾਲ ਅੰਗ ਮਿਲਾ ਲਿਆ (ਅਪਣੇ ਗਲ ਨਾਲ ਲਾ ਲਿਆ, ਕੋਈ ਵਿੱਥ ਨਾ ਰਹੀ)। ਨਾਨਕ ਬੇਨਤੀ ਕਰਦਾ ਹੈ ਕਿ ਜੋ ਮੈਂ ਸੁੱਖਾਂ ਸੁਖਦੀ ਰਹਿੰਦੀ ਸੀ, ਉਹ (ਸੁਖ) ਮੈਂ ਗੁਰੂ ਨਾਲ ਮਿਲ ਕੇ ਪਾ ਲਈ ਹੈ।੪।੧।

ਪਦਾਰਥ = ਯਾਰ ਵੇ-ਹੇ (ਸਤਸੰਗੀ) ਮਿਤ੍ਰ!।ਪਿਰੁ-ਪਤੀ।ਭਾਣਾ-ਮਰਜੀ ਕਰਦਾ ਹੈ।ਨੀਸੀ-ਨਹੀਂ।ਛੰਦਾ-ਮੁਥਾਜੀ; ਗੁਲਾਮ।ਤੈ-ਤੈਂ।ਰਾਵਿਆ-ਭੋਗਿਆ; ਮਿਲਾਪ ਦਾ ਅਨੰਦ ਭੋਗਿਆ।ਲਾਲਨੁ-ਪਿਆਰਾ (ਪ੍ਰਭੂ)।ਮੂ-ਮੈਨੂੰ।ਦਸੰਦਾ-ਪੁੱਛਣ ਵਾਲਾ (ਸਵਾਲੀ)। ਆਪੁ-ਆਪਾ ਭਾਵ; ਹੰਕਾਰ।ਜੈ-ਜਿਸ ਦੇ।ਧਨ-ਇਸਤ੍ਰੀ ਦੇ।ਮਥਾਣੇ-ਮੱਥੇ ਉਤੇ।ਠਾਕੁਰਿ-ਮਾਲਕ ਪ੍ਰਭੂ ਨੇ।ਹਉ-ਮੈਂ; ਮੈਨੂੰ।ਘਿਧੀ-ਲੈ ਲਿਆ; ਬਣਾ ਲਿਆ।ਗੁਣ ਹਾਰੁ-ਗੁਣਾਂ ਦਾ ਹਾਰ।ਰੰਗੁ ਲਾਲੁ-ਸੋਹਣਾ ਲਾਲ ਰੰਗ।ਹਭੋ ਕਿਛੁ-ਸਭ ਕੁਛ।ਸੁਹੰਦਾ-ਸੋਹਣਾ ਲਗਦਾ ਹੈ।ਜਨ-ਦਾਸ।ਸਾਈ-ਉਹ।ਸੰਗਿ-ਨਾਲ।੩।ਨਿਤ-ਹਰ ਰੋਜ; ਸਦਾ।ਸੁਖ ਸੁਖੇਦੀ-ਸੁੱਖਾਂ ਸੁਖਦੀ (ਮੰਨਤ ਮੰਗਦੀ) ਸੀ। ਸਾ-ਉਹ।ਵਰੁ-ਪਤੀ।ਲੋੜੀਦਾ-ਚਾਹੁੰਦੀ ਸੀ।ਵਜੀ ਵਾਧਾਈ-ਵਧਾਈਆਂ ਮਿਲਦੀਆਂ ਹਨ।ਮਹਾ ਮੰਗਲੁ-ਖੁਸ਼ੀਆਂ।ਰਹਸੁ-ਅਨੰਦ। ਥੀਆ-ਹੋਇਆ।ਸਦ-ਸਦਾ।ਨਵ ਰੰਗੀਆ-ਨਵੇਂ ਰੰਗ ਵਾਲਾ (ਸਦਾ ਬਹਾਰ; ਸਦਾ ਜਵਾਨ ਰਹਿਣ ਵਾਲਾ)।ਵਡ ਭਾਗਿ-ਵੱਡੇ ਭਾਗਾਂ ਨਾਲ।ਗੁਰਿ-ਗੁਰੂ ਨੇ।ਕੈ-ਦੇ।ਸਤਸੰਗੀਆ-ਸਤਸੰਗੀਆਂ ਰਾਹੀਂ।ਮਨਸਾ-ਇੱਛਾ।ਸਗਲ-ਸਾਰੀ।ਪ੍ਰਿਅ-ਪਤੀ ਨੇ।ਅੰਕਿ ਅੰਕੁ ਮਿਲਾਈ-ਮੇਰੇ ਸਰੀਰ ਨੂੰ ਅਪਣੇ ਸਰੂਪ ਵਿਚ ਮਿਲਾ ਲਿਆ।ਬਿਨਵੰਤਿ-ਬੇਨਤੀ ਕਰਦਾ ਹੈ।੪।੧।

ਜੈਤਸਰੀ ਮਹਲਾ ੫ ਘਰੁ ੨ ਛੰਤ ੴ ਸਤਿਗੁਰ ਪ੍ਰਸਾਦਿ ॥ ਸਲੋਕੁ ॥ ਊਚਾ ਅਗਮ ਅਪਾਰ ਪ੍ਰਭੁ ,ਕਥਨੁ ਨ ਜਾਇ ਅਕਥੁ ॥ ਨਾਨਕ ਪ੍ਰਭ ਸਰਣਾਗਤੀ, ਰਾਖਨ ਕਉ ਸਮਰਥੁ ॥੧॥ ਛੰਤੁ ॥ ਜਿਉ ਜਾਨਹੁ ਤਿਉ ਰਾਖੁ ,ਹਰਿ ਪ੍ਰਭ ਤੇਰਿਆ ॥ ਕੇਤੇ ਗਨਉ

ਅਸੰਖ ਅਵਗਣ ਮੇਰਿਆ ॥ ਅਸੰਖ ਅਵਗਣ ਖਤੇ ਫੇਰੇ, ਨਿਤਪ੍ਰਤਿ ਸਦ ਭੂਲੀਐ ॥ ਮੋਹ ਮਗਨ ਬਿਕਰਾਲ ਮਾਇਆ, ਤਉ ਪ੍ਰਸਾਦੀ ਘੂਲੀਐ ॥ ਲੂਕ ਕਰਤ ਬਿਕਾਰ ਬਿਖੜੇ, ਪ੍ਰਭ ਨੇਰਹੂ ਤੇ ਨੇਰਿਆ ॥ ਬਿਨਵੰਤਿ ਨਾਨਕ ਦਇਆ ਧਾਰਹੁ ,ਕਾਢਿ ਭਵਜਲ ਫੇਰਿਆ ॥੧॥(ਇਨ੍ਹਾਂ ਚੌਹਾਂ ਛੰਤਾਂ ਦੇ ਅੱਗੇ ਇਕ ਇਕ ਸਲੋਕ ਵੀ ਹੈ, ਹਰ ਇਕ ਛੰਤ ਦਾ ਸਮੁੱਚਾ ਭਾਵ ਨਾਲ ਆਏ ਸਲੋਕ ਵਿਚ ਦਿਤਾ ਹੋਇਆ ਹੈ।ਹੇ ਭਾਈ!) ਪ੍ਰਭੂ ਸਭ ਤੋਂ ਉਚਾ, ਮਨ ਬਾਣੀ ਦੀ ਪਹੁੰਚ ਤੋਂ ਪਰੇ ਅਤੇ ਬੇਅੰਤ ਹੈ, ਉਹ ਅਕੱਥ ਪ੍ਰਭੂ ਕਥਨ ਨਹੀਂ ਕੀਤਾ ਜਾ ਸਕਦਾ।ਨਾਨਕ ਉਸ ਪ੍ਰਭੂ ਦੀ ਸ਼ਰਣ ਵਿਚ ਆਇਆ ਹੈ, ਜੋ ਰੱਖਿਆ ਕਰਨ ਨੂੰ ਸਮਰੱਥ ਹੈ।੧।ਹੇ ਹਰੀ ਪ੍ਰਭੂ! ਅਸੀਂ ਤੇਰੇ ਦਾਸ ਹਾਂ, ਜਿਵੇਂ ਵੀ ਸਮਝੋ, ਸਾਡੀ ਰੱਖਿਆ ਕਰੋ।ਮੇਰੇ ਔਗਣ ਅਨਗਿਣਤ ਹਨ, ਮੈਂ ਕਿਤਨੇ ਕੁ ਗਿਣਾਂ? (ਅਸੀਂ) ਅਨਗਿਣਤ ਔਗਣ, ਪਾਪ ਕਰਦੇ ਫਿਰਦੇ ਹਾਂ, ਹਰ ਰੋਜ ਅਸੀਂ ਭੁੱਲਦੇ ਰਹਿੰਦੇ ਹਾਂ।ਅਸੀਂ ਡਰੌਣੀ ਮਾਇਆ ਵਿਚ ਮਗਨ ਹੋਏ ਹੋਏ ਹਾਂ, ਤੇਰੀ ਕ੍ਰਿਪਾ ਨਾਲ (ਸਾਡਾ) ਛੁਟਕਾਰਾ ਹੋ ਸਕਦਾ ਹੈ; (ਅਸੀਂ ਤੇਰੇ ਨਾਲ) ਘੁਲ ਮਿਲ ਸਕਦੇ ਹਾਂ।(ਅਸੀਂ ਅਪਨੇ ਵੱਲੋਂ) ਲੁਕ ਛਿਪ ਕੇ ਦੁਖ ਦੇਣ ਵਾਲੇ ਬਿਕਾਰ ਕਰਦੇ ਹਾਂ, (ਪਰ) ਪ੍ਰਭੂ ਨੇੜੇ ਤੋਂ ਨੇੜੇ ਹੈ (ਅੰਗ ਸੰਗ ਹੋ ਕੇ ਸਾਡੇ ਔਗਣਾਂ ਨੂੰ ਦੇਖਦਾ ਹੈ)।ਨਾਨਕ ਬੇਨਤੀ ਕਰਦਾ ਹੈ (ਕਿ ਹੇ ਪ੍ਰਭੂ! ਸਾਡੇ ਤੇ) ਦਇਆ ਕਰੋ, (ਸਾਨੂੰ ਪਾਪੀ ਜੀਵਾਂ ਨੂੰ) ਭਵਜਲ ਦੀ ਘੁੰਮਣਘੇਰੀ ਵਿਚੋਂ ਕੱਢ ਲਵੋ।੧।

ਪਦਾਰਥ = ਸਲੋਕ।ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਕਥਨੁ ਨ ਜਾਇ–ਬਿਆਨ ਨਹੀਂ ਕੀਤਾ ਜਾ ਸਕਦਾ।ਅਕਥੁ–ਬਿਆਨ ਹੋ ਸਕਣ ਤੋਂ ਰਹਿਤ ਪ੍ਰਭੂ।ਸਰਣਾਗਤੀ–ਸ਼ਰਣ ਵਿਚ ਆਇਆ ਹੈ।ਰਾਖਨ ਕਉ–ਰੱਖਿਆ ਕਰਨ ਨੂੰ।ਸਮਰਥੁ–ਤਾਕਤ ਵਾਲਾ।੧। ਛੰਤ।ਹਰਿ ਪ੍ਰਭੂ–ਹੇ ਹਰੀ! ਹੇ ਪ੍ਰਭੂ!।ਕੇਤੇ–ਕਿਤਨੇ।ਗਨਉ–ਮੈਂ ਗਿਣਾਂ।ਅਸੰਖ–ਅਨਗਿਣਤ।ਅਵਗਣ–ਔਗਣ।ਖਤੇ–ਪਾਪ।ਫੇਰੇ–ਫਿਰਦੇ ਹਾਂ।ਨਿਤਪ੍ਰਤਿ–ਹਰ ਰੋਜ।ਭੂਲੀਐ–ਭੁਲਦੇ ਹਾਂ।ਮਗਨ–ਮਸਤ।ਬਿਕਰਾਲ–ਡਰਾਉਣੀ।ਤਉ ਪ੍ਰਸਾਦੀ–ਤੇਰੀ ਕਿਰਪਾ ਨਾਲ। ਘੂਲੀਐ–ਛੁਟਕਾਰਾ ਹੋ ਸਕਦਾ ਹੈ; ਘੁਲ ਮਿਲ (ਇਕ ਮਿਕ ਹੋ) ਸਕਦੇ ਹਾਂ।ਲੂਕ–ਲੁਕ ਛਿਪ ਕੇ।ਕਰਤ–ਕਰਦੇ ਹਾਂ।ਬਿਖੜੇ–ਦੁਖ ਦੇਣ ਵਾਲੇ।ਨੇਰਹੂ ਤੇ ਨੇਰਿਆ–ਨੇੜੇ ਤੋਂ ਨੇੜੇ ਹੈ।ਭਵਜਲ–ਸੰਸਾਰ ਸਮੁੰਦਰ।ਫੇਰਿਆ–ਘੁੰਮਣ ਘੇਰੀ; ਗੇੜਿਆਂ ਵਿਚੋਂ।੧।

ਸਲੋਕੁ ॥ ਨਿਰਤਿ ਨ ਪਵੈ ਅਸੰਖ ਗੁਣ, ਊਚਾ ਪ੍ਰਭ ਕਾ ਨਾਉ ॥ ਨਾਨਕ ਕੀ ਬੇਨੰਤੀਆ, ਮਿਲੈ ਨਿਥਾਵੇ ਥਾਉ ॥੨॥ ਛੰਤੁ ॥ ਦੂਸਰ ਨਾਹੀ ਠਾਉ ,ਕਾ ਪਹਿ ਜਾਈਐ ॥ ਆਠ ਪਹਰ ਕਰ ਜੋੜਿ, ਸੋ ਪ੍ਰਭੁ ਧਿਆਈਐ ॥ ਧਿਆਇ ਸੋ ਪ੍ਰਭੁ ਸਦਾ ਅਪੁਨਾ, ਮਨਹਿ ਚਿੰਦਿਆ ਪਾਈਐ ॥ ਤਜਿ ਮਾਨ ਮੋਹੁ ਵਿਕਾਰੁ ਦੂਜਾ, ਏਕ ਸਿਉ ਲਿਵ ਲਾਈਐ ॥ ਅਰਪਿ ਮਨੁ ਤਨੁ ਪ੍ਰਭੂ ਆਗੈ, ਆਪੁ ਸਗਲ ਮਿਟਾਈਐ ॥ ਬਿਨਵੰਤਿ ਨਾਨਕੁ ਧਾਰਿ ਕਿਰਪਾ, ਸਾਚਿ ਨਾਮਿ ਸਮਾਈਐ ॥੨॥ (ਹੇ ਭਾਈ!) ਪ੍ਰਭੂ ਦਾ ਨਾਮ (ਸਭ ਤੋਂ) ਉਚਾ ਹੈ, (ਉਸ ਦੇ) ਅਨਗਿਣਤ ਗੁਣਾਂ ਦਾ ਨਿਰਣਾ ਨਹੀਂ ਪੈ ਸਕਦਾ।ਨਾਨਕ ਦੀ ਬੇਨਤੀ ਹੈ ਕਿ ਮੈਨੂੰ ਨਿਥਾਵੇਂ ਨੂੰ (ਉਸ ਦੇ ਚਰਨਾਂ ਵਿਚ) ਥਾਂ ਮਿਲ ਜਾਵੇ।੨।(ਹੇ ਭਾਈ! ਪ੍ਰਭੂ ਤੋਂ ਬਿਨਾ ਕੋਈ) ਦੂਜੀ ਥਾਂ ਨਹੀਂ ਹੈ, (ਉਸ ਦਾ ਦਰ ਛਡ ਕੇ) ਕਿਸ ਪਾਸ ਜਾਈਏ? ਅੱਠੇ ਪਹਿਰ (ਮਨ ਤੇ ਬੁੱਧੀ ਰੂਪ) ਹੱਥ ਜੋੜ ਕੇ ਉਸ ਪ੍ਰਭੂ ਨੂੰ ਧਿਆਉਣਾ ਚਾਹੀਦਾ ਹੈ।ਅਪਣੇ ਉਸ ਪ੍ਰਭੂ ਨੂੰ ਸਦਾ ਧਿਆ ਕੇ (ਉਸ ਦੇ ਦਰ ਤੋਂ) ਮਨ ਵਿਚ ਚਿਤਵਿਆ ਫਲ ਪਾ ਲਈਦਾ ਹੈ।ਮਾਣ, (ਪ੍ਰਵਾਰ ਦਾ) ਮੋਹ, ਵਿਸ਼ੇ ਵਿਕਾਰ ਤੇ ਦੂਜਾ ਭਾਵ ਛਡ ਕੇ ਇਕ ਪ੍ਰਭੂ ਨਾਲ ਲਿਵ ਲਾਉਣੀ ਚਾਹੀਦੀ ਹੈ।ਪ੍ਰਭੂ ਅੱਗੇ ਮਨ ਤਨ ਅਰਪਣ ਕਰਕੇ ਸਾਰਾ ਆਪਾ ਭਾਵ ਮਿਟਾ ਦੇਣਾ ਚਾਹੀਦਾ ਹੈ।ਨਾਨਕ ਬੇਨਤੀ ਕਰਦਾ ਹੈ (ਕਿ ਹੇ ਪ੍ਰਭੂ! ਸਾਡੇ ਤੇ) ਕ੍ਰਿਪਾ ਕਰ, (ਤਾਂ ਜੋ ਅਸੀਂ ਤੇਰੇ) ਸੱਚੇ ਨਾਮ ਵਿਚ ਸਮਾ ਜਾਈਏ।੨।

ਪਦਾਰਥ = ਨਿਰਤਿ–ਨਿਰਣਾ; ਪਰਖ; ਗਿਣਤੀ।ਨ ਪਵੈ–ਨਹੀਂ ਪੈ ਸਕਦੀ।ਅਸੰਖ–ਅਨਗਿਣਤ।ਨਾਉ–ਨਾਮ।ਕੀ–ਦੀ।ਨਿਥਾਵੇ–ਜਿਸ ਕੋਲ ਰਹਿਣ ਲਈ ਥਾਂ ਨਹੀਂ।੧।ਛੰਤ।ਦੂਸਰ ਠਾਉ–ਦੂਜੀ ਥਾਂ।ਕਾ ਪਹਿ–ਕਿਸ ਪਾਸ।ਆਠ ਪਹਰ–ਅੱਠੇ ਪਹਿਰ (ਸਦਾ)। ਕਰ ਜੋੜਿ–ਹੱਥ ਜੋੜ ਕੇ।ਸੋ–ਉਸ।ਮਨਹਿ ਚਿੰਦਿਆ–ਮਨ ਵਿਚ ਸੋਚਿਆ (ਮਨ ਦੀ ਮੰਗੀ ਮੁਰਾਦ)।ਤਜਿ–ਛਡ ਕੇ।ਮਾਨ–ਹੰਕਾਰ। ਦੂਜਾ–ਦੁਐਤ ਭਾਵ।ਏਕ ਸਿਉ–ਇਕ ਪ੍ਰਭੂ ਨਾਲ।ਲਿਵ ਲਾਈਐ–ਸੁਰਤ ਜੋੜਨੀ ਚਾਹੀਦੀ ਹੈ।ਅਰਪਿ–ਅਰਪਣ ਕਰਕੇ।ਆਪੁ–ਆਪਾ ਭਾਵ (ਅਪਣੱਤ)।ਸਗਲ–ਸਾਰਾ।ਬਿਨਵੰਤਿ–ਬੇਨਤੀ ਕਰਦਾ ਹੈ।ਸਮਾਈਐ–ਲੀਨ ਹੋ ਜਾਈਏ।੨।

ਸਲੋਕੁ ॥ ਰੇ ਮਨ ਤਾ ਕਉ ਧਿਆਈਐ, ਸਭ ਬਿਧਿ ਜਾ ਕੈ ਹਾਥਿ ॥ ਰਾਮ ਨਾਮ ਧਨੁ ਸੰਚੀਐ, ਨਾਨਕ ਨਿਬਹੈ ਸਾਥਿ ॥੩॥ ਛੰਤੁ ॥ ਸਾਥੀਅੜਾ ਪ੍ਰਭੁ ਏਕੁ ,ਦੂਸਰ ਨਾਹਿ ਕੋਇ ॥ ਥਾਨ ਥਨੰਤਰਿ ਆਪਿ, ਜਲਿ ਥਲਿ ਪੂਰ ਸੋਇ ॥ ਜਲਿ ਥਲਿ ਮਹੀਅਲਿ ਪੂਰਿ ਰਹਿਆ, ਸਰਬ ਦਾਤਾ ਪ੍ਰਭੁ ਧਨੀ ॥ ਗੋਪਾਲ ਗੋਬਿੰਦ ਅੰਤੁ ਨਾਹੀ, ਬੇਅੰਤ ਗੁਣ ਤਾ ਕੇ ਕਿਆ ਗਨੀ ॥ ਭਜੁ ਸਰਣਿ ਸੁਆਮੀ ਸੁਖਹ ਗਾਮੀ, ਤਿਸੁ ਬਿਨਾ ਅਨ ਨਾਹਿ ਕੋਇ ॥ ਬਿਨਵੰਤਿ ਨਾਨਕ ਦਇਆ ਧਾਰਹੁ ,ਤਿਸੁ ਪਰਾਪਤਿ ਨਾਮੁ ਹੋਇ ॥੩॥ ਹੇ ਮੇਰੇ ਮਨ! ਉਸ ਪ੍ਰਭੂ ਨੂੰ ਧਿਆਉਣਾ ਚਾਹੀਦਾ ਹੈ, ਜਿਸ ਦੇ ਵਸ ਵਿਚ (ਜੀਵ ਦੀ ਰੱਖਿਆ ਕਰਨ ਦੀਆਂ) ਸਾਰੀਆਂ ਵਿਧੀਆਂ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਰਾਮ ਦਾ ਨਾਮ ਧਨ ਇੱਕਠਾ ਕਰਨਾ ਚਾਹੀਦਾ ਹੈ, (ਜੋ ਅੰਤ ਵੇਲੇ ਜੀਵ ਦੀ ਆਤਮਾ ਦੇ) ਨਾਲ ਨਿਭਦਾ ਹੈ।੩।(ਹੇ ਭਾਈ!) ਇਕ ਪ੍ਰਭੂ ਹੀ (ਜੀਵ ਦਾ ਸੱਚਾ) ਸਾਥੀ ਹੈ, (ਉਸ ਤੋਂ ਬਿਨਾ) ਦੂਜਾ ਕੋਈ (ਸਾਥੀ) ਨਹੀਂ ਹੈ।ਪ੍ਰਭੂ ਆਪ ਸਭ ਥਾਵਾਂ ਵਿਚ ਤੇ ਥਾਵਾਂ ਦੇ ਅੰਦਰ ਵਿਥਾਂ ਵਿਚ ਹੈ ਅਤੇ ਉਹ ਹੀ ਜਲ ਵਿਚ, ਧਰਤੀ ਵਿਚ ਪੂਰਨ ਹੈ।ਸਭ ਦਾ ਦਾਤਾ ਤੇ ਸਭ ਦਾ ਮਾਲਕ ਪ੍ਰਭੂ ਜਲ

ਵਿਚ, ਥਲ ਵਿਚ, ਧਰਤੀ ਤੇ ਅਕਾਸ਼ (ਪੁਲਾੜ) ਵਿਚ ਵਿਆਪਕ ਹੋ ਰਿਹਾ ਹੈ।ਧਰਤੀ ਦੀ ਪਾਲਣਾ ਕਰਨ ਵਾਲੇ ਤੇ ਧਰਤੀ ਦੇ ਮਾਲਕ ਪ੍ਰਭੂ ਦਾ ਕੋਈ ਅੰਤ ਨਹੀ (ਬਹੁਤ ਵਿਸ਼ਾਲ ਹੈ), ਉਸ ਦੇ ਬੇਅੰਤ ਗੁਣਾਂ ਦੀ ਮੈ ਕੀ ਗਿਣਤੀ ਕਰਾਂ? (ਹੇ ਭਾਈ!) ਅਨੰਦ ਵਿਚ ਰਹਿਣ ਵਾਲੇ ਮਾਲਕ ਪ੍ਰਭੂ ਦੀ ਸ਼ਰਣ ਵਿਚ ਚਲੇ ਜਾਹ, ਉਸ ਤੋਂ ਬਿਨਾ ਹੋਰ ਕੋਈ (ਸੁਖ ਦੇਣ ਵਾਲਾ) ਨਹੀਂ ਹੈ।ਨਾਨਕ ਬੇਨਤੀ ਕਰਦਾ ਹੈ ਕਿ (ਹੇ ਪ੍ਰਭੂ! ਜਿਸ ਮਨੁੱਖ ਉਤੇ ਤੁਸੀਂ) ਦਇਆ ਕਰਦੇ ਹੋ, ਉਸ ਨੂੰ (ਗੁਰੂ ਰਾਹੀਂ) ਨਾਮ ਪ੍ਰਾਪਤ ਹੁੰਦਾ ਹੈ।੩।

ਪਦਾਰਥ = ਰੇ ਮਨ–ਹੇ (ਮੇਰੇ) ਮਨ!।ਤਾ ਕਉ–ਉਸ ਨੂੰ।ਸਭ ਬਿਧਿ–ਸਾਰੀਆਂ ਜੁਗਤੀਆਂ; ਸਾਰੇ ਉਪਾਉ।ਜਾ ਕੈ–ਜਿਸ ਦੇ।ਹਾਥਿ –ਹੱਥ ਵਿਚ।ਸੰਚੀਐ–ਇਕੱਠਾ ਕਰਨਾ ਚਾਹੀਦਾ ਹੈ।ਨਿਬਹੈ–ਨਿਭਦਾ (ਸਹਾਇਤਾ ਕਰਦਾ) ਹੈ।ਸਾਥਿ–ਨਾਲ।੩।ਛੰਤੁ।ਸਾਥੀਅੜਾ –ਸਾਥੀ; ਮਿਤ੍ਰ।ਦੂਸਰ–ਦੂਜਾ।ਥਾਨ ਥਨੰਤਰਿ–ਥਾਵਾਂ ਵਿਚ ਤੇ ਥਾਵਾਂ ਦੇ ਅੰਦਰ ਵਿੱਥਾਂ ਵਿਚ।ਜਲਿ–ਪਾਣੀਆਂ ਵਿਚ।ਥਲਿ–ਧਰਤੀ ਵਿਚ।ਪੂਰ–ਵਿਆਪਕ ਹੈ।ਸੋਇ–ਉਹ ਹੀ।ਮਹੀਅਲਿ–ਧਰਤੀ ਤੇ ਅਕਾਸ਼ ਦੇ ਵਿਚਕਾਰ (ਪੁਲਾੜ) ਵਿਚ।ਪੂਰਿ ਰਹਿਆ–ਵਿਆਪਕ ਹੋ ਰਿਹਾ ਹੈ।ਸਰਬ–ਸਭ ਦਾ।ਧਨੀ–ਮਾਲਕ।ਗੋਪਾਲ–ਧਰਤੀ ਦੀ ਪਾਲਣਾ ਕਰਨ ਵਾਲਾ ਪ੍ਰਭੂ।ਗੋਬਿੰਦ–ਧਰਤੀ ਦਾ ਮਾਲਕ।ਤਾ ਕੇ– ਉਸ ਦੇ।ਕਿਆ ਗਨੀ–ਕੀ ਗਿਣਤੀ ਕਰਾਂ।ਭਜੁ–ਦੌੜ ਜਾਹ।ਸੁਆਮੀ–ਮਾਲਕ ਪ੍ਰਭੂ।ਸੁਖਹ ਗਾਮੀ–ਸੁੱਖਾਂ ਵਿਚ ਰਹਿਣ ਵਾਲੇ ਪ੍ਰਭੂ ਦੀ; ਸੁਖ ਪਹੁੰਚਾਉਣ ਵਾਲਾ।ਅਨ–ਹੋਰ।ਬਿਨਵੰਤਿ–ਬੇਨਤੀ ਕਰਦਾ ਹੈ।ਧਾਰਹੁ–ਕਰਦੇ ਹੋ।ਤਿਸੁ–ਉਸ ਨੂੰ।੩।

ਸਲੋਕੁ ॥ ਚਿਤਿ ਜਿ ਚਿਤਵਿਆ, ਸੋ ਮੈ ਪਾਇਆ ॥ ਨਾਨਕ ਨਾਮੁ ਧਿਆਇ, ਸੁਖ ਸਬਾਇਆ ॥੪॥ (ਹੇ ਭਾਈ! ਮੈਂ) ਚਿਤ ਵਿਚ ਜਿਹੜਾ ਕੁਛ ਚਿਤਵਿਆ ਸੀ, ਉਹ ਮੈਂ ਪ੍ਰਾਪਤ ਕਰ ਲਿਆ ਹੈ (ਪ੍ਰਭੂ ਮਿਲ ਗਿਆ ਹੈ)।ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦਾ ਨਾਮ ਸਿਮਰ ਕੇ ਮੈਨੂੰ ਸਾਰੇ ਸੁਖ ਮਿਲ ਗਏ ਹਨ।੪।

ਅੰਗ ੭੦੫ = ਛੰਤੁ ॥ ਅਬ ਮਨੁ ਛੂਟਿ ਗਇਆ, ਸਾਧੂ ਸੰਗਿ ਮਿਲੇ ॥ ਗੁਰਮੁਖਿ ਨਾਮੁ ਲਇਆ, ਜੋਤੀ ਜੋਤਿ ਰਲੇ ॥ ਹਰਿ ਨਾਮੁ ਸਿਮਰਤ ਮਿਟੇ ਕਿਲਬਿਖ, ਬੁਝੀ ਤਪਤਿ ਅਘਾਨਿਆ ॥ ਗਹਿ ਭੁਜਾ ਲੀਨੇ ਦਇਆ ਕੀਨੇ, ਆਪਨੇ ਕਰਿ ਮਾਨਿਆ ॥ ਲੈ ਅੰਕਿ ਲਾਏ ਹਰਿ ਮਿਲਾਏ, ਜਨਮ ਮਰਣਾ ਦੁਖ ਜਲੇ ॥ ਬਿਨਵੰਤਿ ਨਾਨਕ ਦਇਆ ਧਾਰੀ, ਮੇਲਿ ਲੀਨੇ ਇਕ ਪਲੇ ॥੪॥੨॥ (ਹੇ ਭਾਈ!) ਸਾਧੂ ਗੁਰੂ ਦੀ ਸੰਗਤ ਵਿਚ ਮਿਲ ਕੇ ਹੁਣ ਮੇਰਾ ਮਨ (ਮੋਹ ਮਾਇਆ ਦੇ) ਬੰਧਨਾਂ ਤੋਂ ਛੁਟ ਗਿਆ ਹੈ।(ਜਦ) ਗੁਰੂ ਦੁਆਰਾ ਹਰੀ ਦਾ ਨਾਮ ਜਪਿਆ, ਤਾਂ ਅਸੀਂ ਜੋਤ ਵਾਲੇ ਪ੍ਰਭੂ ਦੀ ਜੋਤ ਵਿਚ ਮਿਲ (ਇਕ ਰੂਪ ਹੋ) ਗਏ ਹਾਂ; (ਸਾਡੀ) ਆਤਮ ਜੋਤ ਹਰੀ ਦੀ ਜੋਤ ਵਿਚ ਰਲ ਗਈ ਹੈ।ਹਰੀ ਦਾ ਨਾਮ ਸਿਮਰਦਿਆਂ ਸਾਰੇ ਪਾਪ ਮਿਟ ਗਏ ਹਨ ਅਤੇ ਤ੍ਰਿਸ਼ਨਾ ਦੀ ਜਲਨ ਬੁਝ ਗਈ ਤੇ (ਪਦਾਰਥਾਂ ਵੱਲੋਂ ਵੀ) ਰੱਜ ਗਏ ਹਾਂ; ਵਿਛੋੜੇ ਦੀ ਜਲਨ ਬੁਝ ਗਈ ਅਤੇ ਆਤਮ ਅਨੰਦ ਨਾਲ ਰੱਜ ਗਏ ਹਾਂ (ਟਕਸਾਲ)।ਦਇਆ ਕਰ ਕੇ ਹਰੀ ਨੇ ਬੁੱਧੀ ਰੂਪ ਬਾਹੋਂ ਫੜ ਲਿਆ ਅਤੇ (ਸਾਨੂੰ) ਅਪਣਾ ਬਣਾ ਕੇ ਮਾਣ ਦਿਤਾ ਹੈ।(ਜਦ ਸਾਨੂੰ) ਹਰੀ ਨੇ ਅਪਣੇ ਗਲ ਨਾਲ ਲਾ ਲਿਆ ਤੇ (ਅਪਣੇ ਨਾਲ) ਮਿਲਾ ਲਿਆ ਤਾਂ ਸਾਡੇ ਜਨਮ ਮਰਣ ਦੇ ਸਾਰੇ ਦੁਖ ਸੜ ਗਏ ਹਨ।ਨਾਨਕ ਬੇਨਤੀ ਕਰਦਾ ਹੈ ਕਿ (ਜਦ ਹਰੀ ਨੇ) ਦਇਆ ਕੀਤੀ ਤਾਂ ਇਕ ਪਲ ਵਿਚ ਹੀ (ਸਾਨੂੰ ਅਪਣੇ ਨਾਲ) ਮਿਲਾ ਲਿਆ।੪।੨।

ਪਦਾਰਥ = ਚਿਤਿ–ਚਿਤ ਵਿਚ।ਜਿ–ਜਿਹੜਾ ਕੁਛ।ਚਿਤਵਿਆ–ਸੋਚਿਆ (ਖਿਆਲ ਕੀਤਾ; ਚਾਹਿਆ) ਸੀ।ਸੋ–ਉਹ।ਧਿਆਇ– ਸਿਮਰ ਕੇ।ਸਬਾਇਆ–ਸਾਰੇ।੪।ਛੰਤੁ।ਅਬ–ਹੁਣ।ਛੂਟਿ ਗਇਆ–ਮੁਕਤ ਹੋ ਗਿਆ।ਸਾਧੂ ਸੰਗਿ–ਸਾਧੂ ਗੁਰੂ ਦੀ ਸੰਗਤ ਵਿਚ। ਗੁਰਮੁਖਿ–ਗੁਰੂ ਦੁਆਰਾ।ਲਇਆ–ਜਪਿਆ।ਜੋਤੀ ਜੋਤਿ–ਆਤਮ ਜੋਤ ਪ੍ਰਭੂ ਦੀ ਜੋਤ ਵਿਚ।ਰਲੇ–ਰਲ (ਮਿਲ) ਗਈ।ਕਿਲਬਿਖ– ਪਾਪ।ਬੁਝੀ–ਬੁਝ ਗਈ।ਤਪਤਿ–(ਤ੍ਰਿਸ਼ਨਾ; ਵਿਸ਼ਿਆਂ; ਵਿਛੋੜੇ ਦੀ) ਜਲਨ।ਅਘਾਨਿਆ–ਰੱਜ ਗਏ ਹਾਂ।ਗਹਿ ਲੀਨੇ–ਫੜ ਲਿਆ ।ਭੁਜਾ–ਬਾਂਹ।ਕੀਨੇ–ਕੀਤੀ।ਆਪਨੇ ਕਰਿ–ਅਪਣੇ ਬਣਾ ਕੇ।ਮਾਨਿਆ–ਆਦਰ ਦਿਤਾ।ਲੈ ਅੰਕਿ ਲਾਏ–ਗਲ ਨਾਲ ਲਾ ਲਿਆ। ਜਲੇ–ਸੜ ਗਏ।ਬਿਨਵੰਤਿ–ਬੇਨਤੀ ਕਰਦਾ ਹੈ।ਧਾਰੀ–ਕੀਤੀ।ਇਕ ਪਲੇ–ਇਕ ਪਲ ਵਿਚ (ਤੁਰੰਤ)।੪।੨।

ਜੈਤਸਰੀ ਛੰਤ ਮਃ ੫ ॥ ਪਾਧਾਣੂ ਸੰਸਾਰੁ ਗਾਰਬਿ ਅਟਿਆ ॥ ਕਰਤੇ ਪਾਪ ਅਨੇਕ, ਮਾਇਆ ਰੰਗ ਰਟਿਆ ॥ ਲੋਭਿ ਮੋਹਿ ਅਭਿਮਾਨਿ ਬੂਡੇ, ਮਰਣੁ ਚੀਤਿ ਨ ਆਵਏ ॥ ਪੁਤ੍ਰ ਮਿਤ੍ਰ ਬਿਉਹਾਰ ਬਨਿਤਾ, ਏਹ ਕਰਤ ਬਿਹਾਵਏ ॥ ਪੁਜਿ ਦਿਵਸ ਆਏ ਲਿਖੇ ਮਾਏ, ਦੁਖੁ ਧਰਮ ਦੂਤਹ ਡਿਠਿਆ ॥ ਕਿਰਤ ਕਰਮ ਨ ਮਿਟੈ ਨਾਨਕ, ਹਰਿ ਨਾਮ ਧਨੁ ਨਹੀ ਖਟਿਆ ॥੧॥ ਉਦਮ ਕਰਹਿ ਅਨੇਕ, ਹਰਿ ਨਾਮੁ ਨ ਗਾਵਹੀ ॥ ਭਰਮਹਿ ਜੋਨਿ ਅਸੰਖ, ਮਰਿ ਜਨਮਹਿ ਆਵਹੀ ॥ ਪਸੂ ਪੰਖੀ ਸੈਲ ਤਰਵਰ, ਗਣਤ ਕਛੂ ਨ ਆਵਏ ॥ ਬੀਜੁ ਬੋਵਸਿ ਭੋਗ ਭੋਗਹਿ, ਕੀਆ ਆਪਣਾ ਪਾਵਏ ॥ ਰਤਨ ਜਨਮੁ ਹਾਰੰਤ ਜੂਐ, ਪ੍ਰਭੂ ਆਪਿ ਨ ਭਾਵਹੀ ॥ ਬਿਨਵੰਤਿ ਨਾਨਕ ਭਰਮਹਿ ਭ੍ਰਮਾਏ, ਖਿਨੁ ਏਕੁ ਟਿਕਣੁ ਨ ਪਾਵਹੀ ॥੨॥ (ਹੇ ਭਾਈ!) ਸੰਸਾਰ ਪਾਂਧੀਆਂ ਵਾਂਗ ਹੈ (ਸਦਾ ਟਿਕੇ ਰਹਿਣ ਵਾਲਾ ਨਹੀਂ, ਫਿਰ ਵੀ) ਹੰਕਾਰ ਨਾਲ ਭਰਿਆ ਪਿਆ ਹੈ।ਮਾਇਆ ਦੇ ਰੰਗ ਵਿਚ ਰੰਗੇ ਹੋਏ (ਸੰਸਾਰ ਦੇ ਲੋਕ) ਅਨੇਕਾਂ ਪਾਪ ਕਰਮ ਕਰਦੇ ਹਨ ।ਲੋਭ ਵਿਚ, ਮੋਹ ਵਿਚ ਤੇ ਹੰਕਾਰ ਵਿਚ ਡੁੱਬੇ ਹੋਏ (ਲੋਕਾਂ ਨੂੰ) ਮੌਤ ਚੇਤੇ ਨਹੀਂ ਆਉਂਦੀ।ਪੁਤ੍ਰ ਮਿਤ੍ਰ ਤੇ ਇਸਤ੍ਰੀ ਆਦਿ ਦੇ ਜੋ ਵਿਹਾਰ ਹਨ, ਇਹ ਕਰਦਿਆਂ (ਜੀਵ ਦੀ) ਉਮਰ ਬੀਤ ਜਾਂਦੀ ਹੈ।ਹੇ ਮਾਂ! ਜਦ ਲਿਖੇ ਹੋਏ ਦਿਨ ਪੂਰੇ ਹੋ ਗਏ (ਉਮਰ ਭੋਗ ਲਈ,

ਉਦੋਂ) ਧਰਮਰਾਜ ਦੇ ਦੂਤਾਂ ਨੂੰ ਦੇਖਦਿਆਂ (ਜੀਵ ਨੂੰ) ਦੁਖ ਹੋਇਆ; ਧਰਮਰਾਜ ਦੇ ਦੂਤਾਂ ਦਾ ਦੁਖ ਦੇਖਣਾ ਪਿਆ। (ਜਿਨ੍ਹਾਂ ਨੇ) ਹਰੀ ਦੇ ਨਾਮ ਦਾ ਧਨ ਨਹੀਂ ਖੱਟਿਆ (ਸਿਮਰਨ ਨਹੀਂ ਕੀਤਾ, ਉਨ੍ਹਾਂ ਦੇ) ਕੀਤੇ ਕਰਮ ਬਿਨਾ ਭੋਗੇ ਮਿਟ ਨਹੀਂ ਸਕਦੇ (ਪਿਛਲੇ ਜਨਮਾਂ ਦੇ ਕੀਤੇ ਕਰਮਾਂ ਅਨੁਸਾਰ ਮੱਥੇ ਉਤੇ ਲਿਖੇ ਭਾਗ ਮਿਟਦੇ ਨਹੀਂ।੧। ਹੇ ਭਾਈ! ਲੋਕ ਹੋਰ) ਅਨੇਕਾਂ ਪ੍ਰਕਾਰ ਦੇ ਉਦਮ ਕਰਦੇ ਹਨ, (ਪਰ) ਹਰੀ ਦਾ ਨਾਮ ਨਹੀਂ ਗਾਉਂਦੇ (ਜਪਦੇ। ਜਿਸ ਕਰਕੇ) ਅਨਗਿਣਤ ਜੋਨੀਆਂ ਵਿਚ ਭਟਕਦੇ ਹਨ, ਮਰ ਕੇ ਜਨਮ ਵਿਚ ਆਉਂਦੇ ਹਨ (ਮੁੜ ਮੁੜ ਜੰਮਦੇ ਮਰਦੇ ਰਹਿੰਦੇ ਹਨ)। ਪਸ਼ੂ ,ਪੰਛੀ, ਪੱਥਰ ਅਤੇ ਬ੍ਰਿਛਾਂ ਆਦਿ ਜੋਨੀਆਂ ਦੀ ਗਿਣਤੀ ਨਹੀਂ ਆ ਸਕਦੀ (ਜਿਨ੍ਹਾਂ ਵਿਚ ਇਹ ਜੀਵ ਭਟਕਦਾ ਰਹਿੰਦਾ ਹੈ। ਜੀਵ ਜਿਹੋ ਜਿਹਾ) ਬੀਜ ਬੀਜਦੇ ਹਨ, (ਉਹੋ ਜਿਹਾ) ਫਲ ਭੋਗਦੇ ਹਨ ਅਤੇ ਅਪਣਾ ਕੀਤਾ (ਫਲ) ਪਾਉਂਦੇ ਹਨ। ਹੀਰੇ ਵਰਗਾ ਅਮੋਲਕ ਜਨਮ (ਉਹ) ਜੂਏ ਵਿਚ ਹਾਰ ਦੇਂਦੇ ਹਨ (ਵਿਸ਼ੇ ਵਿਕਾਰਾਂ ਵਿਚ ਪੈ ਕੇ ਨਿਸਫਲ ਗੁਆ ਦੇਂਦੇ ਹਨ), ਉਹ ਆਪ ਹਰੀ ਨੂੰ ਚੰਗੇ ਨਹੀਂ ਲਗਦੇ। ਨਾਨਕ ਬੇਨਤੀ ਕਰਦਾ ਹੈ ਕਿ (ਅਜੇਹੇ ਜੀਵ ਕਰਮਾਂ ਦੇ) ਭਰਮਾਏ ਹੋਏ ਭਟਕਦੇ ਫਿਰਦੇ ਹਨ, ਇਕ ਖਿਨ ਵੀ ਟਿਕਾਉ ਨਹੀਂ ਪਾ ਸਕਦੇ (ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ)।੨।

ਪਦਾਰਥ = ਪਾਧਾਣੂ–ਪਾਂਧੀ (ਰਾਹੀ)। ਗਾਰਬਿ–ਹੰਕਾਰ ਨਾਲ। ਅਟਿਆ (ਅੱਟਿਆ ਬੋਲੋ)–ਭਰਿਆ ਪਿਆ ਹੈ। ਕਰਤੇ–ਕਰਦੇ ਹਨ। ਰੰਗ ਰਟਿਆ (ਰੱਟਿਆ ਬੋਲੋ)–ਪ੍ਰੇਮ ਵਿਚ ਰੰਗੇ ਹੋਏ। ਲੋਭਿ–ਲੋਭ ਵਿਚ। ਮੋਹਿ–ਮੋਹ ਵਿਚ। ਅਭਿਮਾਨ–ਹੰਕਾਰ ਵਿਚ। ਬੂਡੇ–ਡੁੱਬੇ ਹੋਏ। ਮਰਣੁ–ਮੌਤ। ਚੀਤਿ ਨ ਆਵਏ–ਚੇਤੇ ਨਹੀਂ ਆਉਂਦੀ। ਬਿਉਹਾਰ–ਕੰਮ ਕਾਜ; ਲੈਣ ਦੇਣ। ਬਨਿਤਾ–ਇਸਤ੍ਰੀ। ਕਰਤ ਬਿਹਾਵਏ–ਕਰਦਿਆਂ ਬੀਤ ਜਾਂਦੀ ਹੈ। ਪੁਜਿ ਆਏ–ਪੂਰੇ ਹੋ ਆਏ; ਖਤਮ ਹੋ ਗਏ। ਦਿਵਸ–ਦਿਨ। ਮਾਏ–ਹੇ ਮਾਂ!। ਧਰਮ ਦੂਤਹ–ਧਰਮਰਾਜ ਦੇ ਦੂਤ। ਡਿਠਿਆ–ਦੇਖਦਿਆਂ। ਕਿਰਤ ਕਰਮ–ਕੀਤੇ ਕਰਮਾਂ (ਦਾ ਲੇਖਾ ਜੋਖਾ)। ਖਟਿਆ–ਕਮਾਇਆ।੧। ਕਰਹਿ–ਕਰਦੇ ਹਨ। ਗਾਵਹੀ–ਗਾਉਂਦੇ। ਭਰਮਹਿ–ਭਟਕਦੇ ਹਨ। ਜੋਨਿ ਅਸੰਖ–ਅਨਗਿਣਤ ਜੋਨੀਆਂ ਵਿਚ। ਮਰਿ ਜਨਮਹਿ–ਮਰ ਕੇ ਜੰਮਦੇ ਹਨ। ਆਵਹੀ–ਆਉਂਦੇ ਹਨ। ਸੈਲ–ਪੱਥਰ। ਤਰਵਰ–ਬ੍ਰਿਛ। ਗਣਤ–ਗਿਣਤੀ। ਨ ਆਵਏ–ਨਹੀਂ ਆਉਂਦੀ। ਬੋਵਸਿ–ਬੀਜਦਾ ਹੈ। ਭੋਗ ਭੋਗਹਿ–ਫਲ ਭੋਗਦੇ ਹਨ। ਕੀਆ ਪਾਵਏ–ਕੀਤਾ ਪਾਉਂਦੇ ਹਨ। ਰਤਨ–ਹੀਰਾ। ਹਾਰੰਤ–ਹਾਰ ਦੇਂਦੇ ਹਨ। ਜੂਐ–ਜੂਏ ਵਿਚ। ਨ ਭਾਵਹੀ–ਚੰਗੇ ਨਹੀਂ ਲਗਦੇ। ਬਿਨਵੰਤਿ–ਬੇਨਤੀ ਕਰਦਾ ਹੈ। ਭਰਮਾਏ–ਭਰਮਾਏ ਹੋਏ। ਟਿਕਣੁ–ਟਿਕਾਉ; ਸ਼ਾਂਤੀ। ਪਾਵਹੀ–ਪਾ ਸਕਦੇ।੨।

ਜੋਬਨੁ ਗਇਆ ਬਿਤੀਤਿ, ਜਰੁ ਮਲਿ ਬੈਠੀਆ ॥ ਕਰ ਕੰਪਹਿ ਸਿਰੁ ਡੋਲ, ਨੈਣ ਨ ਡੀਠਿਆ ॥ ਨਹ ਨੈਣ ਦੀਸੈ ਬਿਨੁ ਭਜਨੁ ਈਸੈ, ਛੋਡਿ ਮਾਇਆ ਚਾਲਿਆ ॥ ਕਹਿਆ ਨ ਮਾਨਹਿ ਸਿਰਿ ਖਾਕੁ ਛਾਨਹਿ, ਜਿਨ ਸੰਗਿ ਮਨੁ ਤਨੁ ਜਾਲਿਆ ॥ ਸ੍ਰੀ ਰਾਮ ਰੰਗ ਅਪਾਰ ਪੂਰਨ, ਨਹ ਨਿਮਖ ਮਨ ਮਹਿ ਵੂਠਿਆ ॥ ਬਿਨਵੰਤਿ ਨਾਨਕ ਕੋਟਿ ਕਾਗਰ, ਬਿਨਸ ਬਾਰ ਨ ਝੂਠਿਆ ॥੩॥ ਚਰਨ ਕਮਲ ਸਰਣਾਇ ਨਾਨਕੁ ਆਇਆ ॥ ਦੁਤਰੁ ਭੈ ਸੰਸਾਰੁ ,ਪ੍ਰਭਿ ਆਪਿ ਤਰਾਇਆ ॥ ਮਿਲਿ ਸਾਧ ਸੰਗੇ ਭਜੇ ਸ੍ਰੀ ਧਰ, ਕਰਿ ਅੰਗੁ ਪ੍ਰਭ ਜੀ ਤਾਰਿਆ ॥ ਹਰਿ ਮਾਨਿ ਲੀਏ ਨਾਮ ਦੀਏ, ਅਵਰੁ ਕਛੁ ਨ ਬੀਚਾਰਿਆ ॥ ਗੁਣ ਨਿਧਾਨ ਅਪਾਰ ਠਾਕੁਰ, ਮਨਿ ਲੋੜੀਦਾ ਪਾਇਆ ॥ ਬਿਨਵੰਤਿ ਨਾਨਕੁ ਸਦਾ ਤ੍ਰਿਪਤੇ, ਹਰਿ ਨਾਮੁ ਭੋਜਨੁ ਖਾਇਆ ॥੪॥੨॥੩॥ (ਹੇ ਭਾਈ!) ਜਵਾਨੀ ਬਿਤੀਤ ਹੋ ਗਈ ਹੈ ਅਤੇ ਬੁਢੇਪਾ (ਜਵਾਨੀ ਦੀ ਥਾਂ) ਮੱਲ ਬੈਠਾ ਹੈ। (ਬੁਢੇਪੇ ਵੇਲੇ) ਹੱਥ ਕੰਬਦੇ ਹਨ, ਸਿਰ ਹਿੱਲਣ ਲਗ ਪਿਆ ਹੈ ਅਤੇ ਅੱਖਾਂ ਤੋਂ ਦਿਸਦਾ ਨਹੀਂ। ਅੱਖਾਂ ਤੋਂ ਦਿਸਦਾ ਨਹੀਂ, ਈਸ਼ਵਰ ਦੇ ਭਜਨ ਤੋਂ ਬਿਨਾ (ਜਮ੍ਹਾਂ ਕੀਤੀ) ਮਾਇਆ ਨੂੰ ਛਡ ਕੇ (ਪ੍ਰਲੋਕ ਨੂੰ) ਚੱਲ ਪਿਆ। ਜਿਨ੍ਹਾਂ (ਧੀਆਂ ਪੁਤ੍ਰਾਂ) ਨਾਲ (ਇਸ ਨੇ ਅਪਣਾ) ਮਨ ਤੇ ਤਨ ਗੁਜਾਰਿਆ; ਸਾੜ ਲਿਆ (ਜਿਨ੍ਹਾਂ ਵਾਸਤੇ ਮਨੋਂ ਤਨੋਂ ਦੁਖ ਝੱਲ ਕੇ ਕਮਾਈ ਕੀਤੀ, ਉਹ ਹੁਣ ਬੁਢੇਪੇ ਵਿਚ ਇਸ ਦਾ) ਆਖਾ ਨਹੀਂ ਮੰਨਦੇ, (ਸੱਗੋਂ ਇਸ ਦੇ) ਸਿਰ ਤੇ ਮਿੱਟੀ ਪਾਉਂਦੇ ਹਨ (ਕੁਬਚਨ ਬੋਲ ਕੇ ਨਿਰਾਦਰ ਕਰਦੇ ਹਨ){ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਹਾ ਹੀ ਸੇਤੀ ਵਾਸਾ ੧੧੭੧}। ਬੇਅੰਤ ਅਤੇ ਪਰੀਪੂਰਨ ਸ੍ਰੀ ਰਾਮ ਦਾ ਪ੍ਰੇਮ ਇਕ ਖਿਨ ਭਰ ਸਮੇਂ ਲਈ ਵੀ (ਉਨ੍ਹਾਂ ਦੇ) ਮਨ ਵਿਚ ਨਹੀਂ ਵਸਿਆ। ਨਾਨਕ ਬੇਨਤੀ ਕਰਦਾ ਹੈ ਕਿ ਕਾਗਜ ਦੇ ਝੂਠੇ ਕਿਲ੍ਹੇ (ਵਰਗੇ ਸਰੀਰ) ਦੇ ਨਾਸ਼ ਹੁੰਦਿਆਂ ਦੇਰ ਨਹੀਂ ਲਗਦੀ।੩। ਨਾਨਕ ਹਰੀ ਦੇ ਚਰਨਾਂ ਕਮਲਾਂ ਦੀ ਸ਼ਰਣ ਵਿਚ ਆਇਆ ਹੈ। ਔਖਾ ਤਰੇ ਜਾਣ ਵਾਲੇ ਭੈ ਦਾਇਕ ਸੰਸਾਰ ਸਮੁੰਦਰ ਤੋਂ (ਸਾਨੂੰ) ਪ੍ਰਭੂ ਨੇ ਆਪ ਤਾਰ ਲਿਆ ਹੈ। ਸਾਧ ਸੰਗਤ ਵਿਚ ਮਿਲ ਕੇ (ਅਸੀਂ) ਪ੍ਰਭੂ ਨੂੰ ਸਿਮਰਿਆ ਹੈ, ਪ੍ਰਭੂ ਜੀ ਨੇ ਸਹਾਇਤਾ ਕਰਕੇ (ਸਾਨੂੰ ਸੰਸਾਰ ਸਮੁੰਦਰ ਤੋਂ) ਤਾਰ ਲਿਆ ਹੈ। ਪ੍ਰਭੂ ਨੇ (ਸਾਨੂੰ ਅਪਣਾ) ਮੰਨ ਲਿਆ (ਅਪਣਾ ਦਾਸ ਬਣਾ ਲਿਆ ਅਤੇ) ਨਾਮ ਦਾਨ ਦਿਤਾ, (ਉਸ ਨੇ ਸਾਡਾ ਗੁਣ ਔਗਣ) ਕੁਛ ਵੀ ਨਹੀਂ ਬਿਚਾਰਿਆ। ਗੁਣਾਂ ਦਾ ਖਜਾਨਾ ਬੇਅੰਤ ਪ੍ਰਭੂ (ਜੋ ਅਸੀਂ) ਮਨ ਵਿਚ ਚਾਹਿਆ ਹੋਇਆ ਸੀ, (ਉਹ) ਪਾ ਲਿਆ ਹੈ। ਨਾਨਕ ਬੇਨਤੀ ਕਰਦਾ ਹੈ (ਕਿ ਅਸੀਂ) ਹਰੀ ਦਾ ਨਾਮ ਰੂਪ ਭੋਜਨ ਖਾਧਾ ਹੈ, (ਇਹ ਭੋਜਨ ਖਾਕੇ) ਸਦਾ ਲਈ ਰੱਜ ਗਏ ਹਾਂ।੪।੨।੩।

ਪਦਾਰਥ = ਜੋਬਨੁ–ਜਵਾਨੀ। ਗਇਆ ਬਿਤੀਤਿ–ਗੁਜਰ ਗਿਆ। ਜਰੁ–ਬੁਢੇਪਾ। ਮਲਿ–ਮੱਲ (ਕਬਜਾ ਕਰ) ਕੇ। ਕਰ–ਹੱਥ। ਕੰਪਹਿ–ਕੰਬਦੇ ਹਨ। ਡੋਲ–ਹਿਲਦਾ ਹੈ। ਨੈਣ–ਅੱਖਾਂ। ਨ ਡੀਠਿਆ–ਦਿਸਦਾ ਨਹੀਂ। ਨਹ–ਨਹੀਂ। ਈਸੈ–ਈਸ਼ਵਰ ਦਾ। ਚਾਲਿਆ–ਚੱਲ ਪਿਆ। ਕਹਿਆ–ਕਹੀ ਹੋਈ ਗੱਲ। ਨ ਮਾਨਹਿ–ਮੰਨਦੇ ਨਹੀਂ। ਸਿਰਿ–ਸਿਰ ਉਤੇ। ਖਾਕੁ ਛਾਨਹਿ–ਮਿਟੀ ਪਾਉਂਦੇ (ਨਿਰਾਦਰ ਕਰਦੇ) ਹਨ।

ਜਿਨ ਸੰਗਿ–ਜਿਨ੍ਹਾਂ ਨਾਲ। ਜਾਲਿਆ–ਬਿਤਾਇਆ; ਸਾੜ ਲਿਆ। ਸ੍ਰੀ ਰਾਮ–ਪੂਜਨੀਕ ਪ੍ਰਭੂ। ਰੰਗ–ਪ੍ਰੇਮ। ਅਪਾਰ–ਬੇਅੰਤ। ਪੂਰਨ–ਸਰਬ ਵਿਆਪਕ। ਨਿਮਖ–ਇਕ ਛਿਨ ਭਰ ਸਮਾਂ। ਮਨ ਮਹਿ–ਮਨ ਵਿਚ। ਵੂਠਿਆ–ਵਸਿਆ। ਬਿਨਵੰਤਿ–ਬੇਨਤੀ ਕਰਦਾ ਹੈ। ਕੋਟਿ ਕਾਗਰ–ਕਾਗਜ ਦੇ ਕਿਲ੍ਹੇ (ਵਾਂਗ ਛੇਤੀ ਨਾਸ਼ ਹੋ ਜਾਣ ਵਾਲਾ ਸਰੀਰ)। ਬਿਨਸ–ਨਾਸ਼ ਹੁੰਦਿਆਂ। ਬਾਰ–ਦੇਰ।੩। ਦੁਤਰੁ–ਔਖਾ ਤਰੇ ਜਾਣਾ ਵਾਲਾ। ਭੈ–ਭੈ ਦਾਇਕ। ਸੰਗੇ–ਸੰਗਤ ਵਿਚ। ਭਜੇ–ਭਜਨ ਕੀਤਾ। ਸ੍ਰੀ ਧਰ–ਮਾਇਆ ਦਾ ਪਤੀ ਪ੍ਰਭੂ। ਕਰਿ ਅੰਗੁ–ਸਹਾਇਤਾ; ਪੱਖ। ਮਾਨਿ ਲੀਏ–ਮੰਨ (ਬਣਾ) ਲਿਆ। ਦੀਏ–ਦਿਤਾ। ਅਵਰੁ–ਹੋਰ। ਗੁਣ ਨਿਧਾਨ–ਗੁਣਾਂ ਦਾ ਖਜਾਨਾ। ਅਪਾਰ ਠਾਕੁਰ–ਬੇਅੰਤ ਪ੍ਰਭੂ। ਮਨਿ ਲੋੜੀਦਾ–ਮਨ ਵਿਚ ਚਾਹਿਆ (ਮਨ ਵਿਚ ਜਿਸ ਨੂੰ ਮਿਲਣ ਦੀ ਇੱਛਾ ਸੀ)। ਤ੍ਰਿਪਤੇ–ਰੱਜ ਗਏ ਹਾਂ।੪।੨।੩।

ਉਥਾਨਕਾ = ਇਹ ਸਾਰੀ ਵਾਰ ਭਾਈ ਤਿਲੋਕਾ ਪ੍ਰਤੀ ਉਚਾਰਨ ਹੋਈ ਦਸਦੇ ਹਨ। ਸਿੱਖ ਲੋਕ ਘਰ ਵਿਚ ਮ੍ਰਿਤੂ ਹੋ ਜਾਣ ਤੇ ਸੋਗ ਕਰਨ ਦੀ ਥਾਂ ਇਸ ਵਾਰ ਦਾ ਪਾਠ ਕਰਦੇ ਆਏ ਹਨ, ਕਿਉਂਕਿ ਇਸ ਵਿਚ ਮਨ ਨੂੰ ਸਿਖਿਆ ਦਿਤੀ ਹੈ ਕਿ ਸੁਪਨ ਮਨੋਰਥ ਚੀਜਾਂ ਵਿਚ ਦਿਲ ਲਾਉਣ ਦੀ ਥਾਂ ਇਕ ਹਰੀ ਵਿਚ ਧਿਆਨ ਜੋੜਨਾ ਚਾਹੀਦਾ ਹੈ, ਕਿਉਂਕਿ ਇਸੇ ਵਿਚ ਸਭ ਸੁਖ, ਪਾਪਾਂ ਦਾ ਖੰਡਨ ਤੇ ਮੁਕਤੀ ਮਿਲ ਜਾਂਦੀ ਹੈ। ਇਸ ਵਾਰ ਦੀ ਬੋਲੀ ਤੇ ਬਣਤਰ ਖਾਸ ਧਿਆਨ ਯੋਗ ਹੈ। ਇਸ ਦੀ ਹਰ ਇਕ ਪਉੜੀ ਦੇ ਪਹਿਲਾਂ ਇਕ ਸਲੋਕ ਦਿਤਾ ਹੈ, ਜਿਸ ਦੇ ਦੋ ਹਿੱਸੇ ਹਨ, ਇਕ ਵਿਚ ਤਾਂ ਪੂਰਬੀ ਬੋਲੀ ਪ੍ਰਾਕ੍ਰਿਤ ਜਾਂ ਗਾਥਾ ਵਰਤੀ ਹੈ, (ਜੋ ਸਾਧਾਂ ਸੰਤਾਂ ਦੇ ਡੇਰਿਆਂ ਤੇ ਸਾਰੇ ਹਿੰਦ ਵਿਚ ਸਮਝੀ ਜਾਂਦੀ ਸੀ। ਇਹ ਵੱਖੋ ਵਖਰੀਆਂ ਪ੍ਰਾਂਤਿਕ ਬੋਲੀਆਂ ਦੇ ਵਿਆਕਰਨਿਕ ਵਖੇਵਿਆਂ ਤੋਂ ਅਜਾਦ ਹੁੰਦੀ ਸੀ। ਕਰਤੇ ਹੈਂ, ਕਰਦੇ ਹਨ ਆਦਿ ਪ੍ਰਾਂਤਿਕ ਰੂਪਾਂ ਦੀ ਥਾਂ 'ਕਰੰਤਿ' ਹੀ ਵਰਤਿਆ ਹੁੰਦਾ ਸੀ)। ਦੂਜੇ ਹਿੱਸੇ ਵਿਚ ਉਸੇ ਗੱਲ ਨੂੰ ਲਹਿੰਦੀ ਬੋਲੀ ਵਿਚ ਲਿਖਿਆ ਹੈ। ਫਿਰ ਇਸ ਸਾਰੇ ਖਿਆਲ ਨੂੰ ਅਪਣੀ ਬੋਲੀ ਵਿਚ ਖੋਲ੍ਹ ਕੇ ਪਉੜੀ ਵਿਚ ਦਸਿਆ ਹੈ (ਸ਼ਬਦਾਰਥ)। ਇਸ ਵਾਰ ਦੀਆਂ ਸਾਰੀਆਂ ਪਉੜੀਆਂ ਤੇ ਸਾਰੇ ਸਲੋਕ ਗੁਰੂ ਅਰਜਨ ਦੇਵ ਜੀ ਦੀ ਰਚਿਤ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਜਾਂ ਸਹਿਜ ਪਾਠ ਦੇ ਮਧ ਦੀ ਅਰਦਾਸ ਇਸ ਵਾਰ ਦੇ ਸ਼ੁਰੂ ਹੋਣ ਸਮੇਂ ਕੀਤੀ ਜਾਂਦੀ ਹੈ।

ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ ੴ ਸਤਿਗੁਰ ਪ੍ਰਸਾਦਿ ॥ ਸਲੋਕ ॥ ਆਦਿ ਪੂਰਨ ਮਧਿ ਪੂਰਨ, ਅੰਤਿ ਪੂਰਨ ਪਰਮੇਸੁਰਹ ॥ ਸਿਮਰੰਤਿ ਸੰਤ ਸਰਬਤ੍ਰ ਰਮਣੰ, ਨਾਨਕ ਅਘ ਨਾਸਨ ਜਗਦੀਸੁਰਹ ॥੧॥ ਪੇਖਨ ਸੁਨਨ ਸੁਨਾਵਨੋ, ਮਨ ਮਹਿ ਦ੍ਰਿੜੀਐ ਸਾਚੁ ॥ (ਹੇ ਭਾਈ!) ਪ੍ਰਮੇਸਰ ਸ੍ਰਿਸਟੀ ਅਤੇ ਜੁਗਾਂ ਦੇ ਅਰੰਭ ਵਿਚ ਵਿਆਪਕ ਸੀ, ਹੁਣ ਵਿਚਕਾਰਲੇ ਸਮੇਂ ਵਿਚ ਵੀ ਵਿਆਪਕ ਹੈ ਅਤੇ ਸ੍ਰਿਸਟੀ ਦੇ ਅੰਤ ਹੋ ਜਾਣ ਤੇ ਵੀ ਵਿਆਪਕ ਰਹੇਗਾ {ਆਦਿ ਮਧਿ ਅੰਤਿ ਪ੍ਰਭੁ ਸੋਈ। ਨਾਨਕ ਤਿਸੁ ਬਿਨੁ ਅਵਰੁ ਨ ਕੋਈ ੨੯੦}। ਸਭ ਥਾਂ ਵਿਆਪਕ ਹੋ ਰਹੇ ਪ੍ਰਮੇਸਰ ਨੂੰ ਸੰਤ ਸਿਮਰਦੇ ਹਨ, ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਪ੍ਰਮੇਸਰ ਜਗਤ ਦਾ ਮਾਲਕ ਹੈ ਅਤੇ ਪਾਪਾਂ ਦਾ ਨਾਸ਼ ਕਰਨ ਵਾਲਾ ਹੈ।੧। (ਹੇ ਭਾਈ! ਹਰੀ ਨੂੰ ਆਪ) ਦੇਖਣ ਵਾਸਤੇ, (ਉਸ ਦਾ ਜਸ) ਸੁਣਨ ਵਾਸਤੇ ਅਤੇ ਹੋਰਨਾਂ ਨੂੰ (ਉਸ ਦਾ ਜਸ) ਸੁਨਾਉਣ ਵਾਸਤੇ ਮਨ ਵਿਚ ਹਰੀ ਦਾ ਸੱਚਾ ਨਾਮ ਦ੍ਰਿੜ ਕਰਨਾ ਚਾਹੀਦਾ ਹੈ।

ਅੰਗ ੭੦੬ = ਪੂਰਿ ਰਹਿਓ ਸਰਬਤ੍ਰ ਮੈ, ਨਾਨਕ ਹਰਿ ਰੰਗਿ ਰਾਚੁ ॥੨ ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਭਾਈ! ਜੋ) ਹਰੀ ਸਭ ਵਿਚ ਵਿਆਪਕ ਹੋ ਰਿਹਾ ਹੈ, (ਤੂੰ ਵੀ ਉਸ ਦੇ) ਪ੍ਰੇਮ ਵਿਚ ਲੀਨ ਹੋ ਜਾਹ।੨।

ਪਉੜੀ ॥ ਹਰਿ ਏਕੁ ਨਿਰੰਜਨੁ ਗਾਈਐ, ਸਭ ਅੰਤਰਿ ਸੋਈ ॥ ਕਰਣ ਕਾਰਣ ਸਮਰਥ ਪ੍ਰਭੁ ,ਜੋ ਕਰੇ ਸੁ ਹੋਈ ॥ ਖਿਨ ਮਹਿ ਥਾਪਿ ਉਥਾਪਦਾ, ਤਿਸੁ ਬਿਨੁ ਨਹੀ ਕੋਈ ॥ ਖੰਡ ਬ੍ਰਹਮੰਡ ਪਾਤਾਲ ਦੀਪ, ਰਵਿਆ ਸਭ ਲੋਈ ॥ ਜਿਸੁ ਆਪਿ ਬੁਝਾਏ ਸੋ ਬੁਝਸੀ, ਨਿਰਮਲ ਜਨੁ ਸੋਈ ॥੧॥ ਮਾਇਆ ਤੋਂ ਨਿਰਲੇਪ ਇਕ ਹਰੀ ਨੂੰ ਗਾਉਣਾ ਚਾਹੀਦਾ ਹੈ, ਜੋ ਸਾਰੇ ਜੀਵਾਂ ਦੇ ਅੰਦਰ ਵਸਦਾ ਹੈ। ਉਹ ਪ੍ਰਭੂ ਸਾਰੇ ਕਾਰਨਾਂ ਦੇ ਕਰਨ ਵਾਲਾ ਸਮਰੱਥ ਹੈ, ਜੋ ਉਹ ਕਰਦਾ ਹੈ, ਉਹ ਹੀ ਹੁੰਦਾ ਹੈ। ਇਕ ਖਿਨ ਵਿਚ ਉਹ ਪੈਦਾ ਕਰ ਕੇ ਨਾਸ਼ ਕਰ ਦੇਂਦਾ ਹੈ, ਉਸ ਤੋਂ ਬਿਨਾ (ਅਜੇਹਾ ਕਰਨ ਵਾਲਾ) ਹੋਰ ਕੋਈ ਨਹੀਂ। ਉਹ ਖੰਡਾਂ ਬ੍ਰਹਮੰਡਾਂ, ਪਤਾਲ, ਦੀਪਾਂ ਅਤੇ ਸਾਰੀ ਦੁਨੀਆਂ ਵਿਚ ਵਿਆਪਕ ਹੈ। (ਇਹ ਗੱਲ) ਜਿਸ ਨੂੰ ਪ੍ਰਭੂ ਆਪ ਸਮਝਾਉਂਦਾ ਹੈ, ਉਹ ਸਮਝਦਾ ਹੈ ਅਤੇ ਉਹ ਹੀ ਪਵਿਤ੍ਰ ਮਨੁੱਖ ਹੈ।੧।

ਪਦਾਰਥ = ਆਦਿ–ਜਗਤ ਦੇ ਸ਼ੁਰੂ ਵਿਚ। ਪੂਰ–ਵਿਆਪਕ। ਮਧਿ–ਵਿਚਕਾਰਲੇ (ਹੁਣ ਵਰਤਮਾਨ) ਸਮੇਂ ਵਿਚ। ਅੰਤਿ–ਜਗਤ ਦਾ ਅੰਤ ਹੋ ਜਾਣ ਤੇ। ਸਰਬਤ੍ਰ–ਸਭ ਥਾਂ। ਰਮਣੰ–ਵਿਆਪਕ ਹੈ। ਅਘ–ਪਾਪ। ਨਾਸਨ–ਨਾਸ਼ ਕਰਨ ਵਾਲਾ। ਜਗਦੀਸੁਰਹ–ਜਗਤ ਦਾ ਮਾਲਕ ਪ੍ਰਭੂ।੧। ਪੇਖਨ–ਦੇਖਨ ਵਾਸਤੇ। ਸੁਨਨ–ਸੁਣਨ ਵਾਸਤੇ। ਮਨ ਮਹਿ–ਮਨ ਵਿਚ। ਦ੍ਰਿੜੀਐ–ਪੱਕਾ ਟਿਕਾ ਕੇ ਰਖਣਾ ਚਾਹੀਦਾ ਹੈ। ਸਾਚੁ–ਸੱਚਾ ਨਾਮ। ਪੂਰਿ ਰਹਿਓ–ਵਿਆਪਕ ਹੋ ਰਿਹਾ ਹੈ। ਸਰਬਤ੍ਰ ਮੈ–ਸਭ ਵਿਚ। ਰੰਗਿ–ਪ੍ਰੇਮ ਵਿਚ। ਰਾਚਿ–ਲੀਨ ਹੋ ਜਾਹ।੨। ਪਉੜੀ। ਨਿਰੰਜਨੁ–ਮਾਇਆ ਤੋਂ ਨਿਰਲੇਪ। ਅੰਤਰਿ–ਅੰਦਰ। ਸੋਈ–ਉਹ ਹੀ। ਕਰਣ ਕਾਰਣ–ਸਾਰੇ ਕਾਰਨਾਂ ਦੇ ਕਰਨ ਵਾਲਾ; ਜਗਤ ਰਚਨਾ ਦਾ ਮੂਲ ਕਾਰਨ। ਸਮਰਥ–ਸਭ ਤਾਕਤਾਂ ਵਾਲਾ। ਸੁ–ਉਹ। ਖਿਨ ਮਹਿ–ਇਕ ਪਲ ਸਮੇਂ ਵਿਚ। ਥਾਪਿ ਉਥਾਪਦਾ–ਪੈਦਾ ਕਰ ਕੇ ਨਾਸ਼ ਕਰ ਦੇਂਦਾ ਹੈ। ਖੰਡ–ਵੱਡੇ ਦੇਸ਼। ਬ੍ਰਹਮੰਡ–ਸਾਰਾ ਜਗਤ। ਦੀਪ–ਟਾਪੂ। ਰਵਿਆ–ਵਿਆਪਕ। ਲੋਈ–ਦੁਨੀਆਂ। ਬੁਝਾਏ–ਸੂਝ ਬੂਝ ਬਖਸ਼ਦਾ (ਸਮਝਾਉਂਦਾ) ਹੈ। ਸੋ–ਉਹ। ਬੁਝਸੀ–ਸਮਝਦਾ ਹੈ। ਨਿਰਮਲ–ਪਵਿਤ੍ਰ। ਜਨੁ–ਮਨੁੱਖ।੧।

ਸਲੋਕ ॥ ਰਚੰਤਿ ਜੀਅ ਰਚਨਾ, ਮਾਤ ਗਰਭ ਅਸਥਾਪਨੰ ॥ ਸਾਸਿ ਸਾਸਿ ਸਿਮਰੰਤਿ ਨਾਨਕ, ਮਹਾ ਅਗਨਿ ਨ ਬਿਨਾਸਨੰ ॥੧॥ ਮੁਖੁ ਤਲੈ ਪੈਰ ਉਪਰੇ, ਵਸੰਦੋ ਕੁਹਥੜੈ ਥਾਇ ॥ ਨਾਨਕ ਸੋ ਧਣੀ ਕਿਉ ਵਿਸਾਰਿਓ, ਉਧਰਹਿ ਜਿਸ ਦੈ ਨਾਇ ॥੨॥ (ਹੇ ਭਾਈ! ਪ੍ਰਭੂ ਆਪ ਹੀ ਜੀਵ ਨੂੰ) ਮਾਤਾ ਦੇ ਗਰਭ ਵਿਚ ਟਿਕਾਉਂਦਾ ਹੈ, (ਉਥੇ ਉਹ ਆਪ ਹੀ) ਜੀਵ ਦੀ ਰਚਨਾ ਰਚਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਥੇ ਮਾਤਾ ਦੇ ਗਰਭ ਵਿਚ ਜੀਵ) ਸੁਆਸ ਸੁਆਸ ਹਰੀ ਦਾ ਸਿਮਰਨ ਕਰਦਾ ਹੈ, (ਜਿਸ ਕਰਕੇ ਜੀਵ ਨੂੰ ਮਾਂ ਦੇ) ਗਰਭ ਦੀ ਅੱਗ ਨਾਸ਼ ਨਹੀਂ ਕਰਦੀ।੧।(ਹੇ ਜੀਵ! ਮਾਤਾ ਦੇ ਗਰਭ ਵਿਚ ਤੇਰਾ) ਮੂੰਹ ਹੇਠਾਂ ਨੂੰ ਤੇ ਪੈਰ ਉਪਰ ਨੂੰ ਸਨ ਅਤੇ ਮੈਲੇ ਥਾਂ ਤੂੰ ਵਸਦਾ ਸੀ। ਨਾਨਕ ਗੁਰੂ ਜੀ ਆਖਦੇ ਹਨ ਕਿ ਤੈਂ ਉਹ ਮਾਲਕ ਪ੍ਰਭੂ ਕਿਉਂ ਭੁਲਾ ਦਿਤਾ ਹੈ? ਜਿਸ ਦੇ ਨਾਮ ਦੁਆਰਾ (ਮਾਂ ਦੇ ਗਰਭ ਵਿਚੋਂ ਤੂੰ ਬਾਹਰ ਨਿਕਲ ਆਇਆ ਹੈਂ, ਨਾਮ ਸਿਮਰਨ ਨਾਲ ਅੱਗੋਂ ਵੀ ਤੂੰ ਜਨਮ ਮਰਨ ਤੋਂ) ਮੁਕਤ ਹੋ ਜਾਵੇਂਗਾ।੨।

ਪਉੜੀ ॥ ਰਕਤੁ ਬਿੰਦੁ ਕਰਿ ਨਿੰਮਿਆ, ਅਗਨਿ ਉਦਰ ਮਝਾਰਿ ॥ ਉਰਧ ਮੁਖੁ ਕੁਚੀਲ ਬਿਕਲੁ ,ਨਰਕਿ ਘੋਰਿ ਗੁਬਾਰਿ ॥ ਹਰਿ ਸਿਮਰਤ ਤੂ ਨ ਜਲਹਿ, ਮਨਿ ਤਨਿ ਉਰ ਧਾਰਿ ॥ ਬਿਖਮ ਥਾਨਹੁ ਜਿਨਿ ਰਖਿਆ, ਤਿਸੁ ਤਿਲੁ ਨ ਵਿਸਾਰਿ ॥ ਪ੍ਰਭ ਬਿਸਰਤ ਸੁਖੁ ਕਦੇ ਨਾਹਿ, ਜਾਸਹਿ ਜਨਮੁ ਹਾਰਿ ॥੨॥ (ਹੇ ਜੀਵ!) ਮਾਤਾ ਦੇ ਲਹੂ ਤੇ ਪਿਤਾ ਦੇ ਵੀਰਜ ਨਾਲ ਮਾਂ ਦੇ ਪੇਟ ਦੀ ਅੱਗ ਵਿਚ (ਤੇਰਾ) ਨਿਰਮਾਣ ਹੋਇਆ ਹੈ।(ਉਸ ਸਮੇਂ ਤੇਰਾ) ਮੂੰਹ ਉਲਟਾ ਸੀ, ਤੂੰ ਮੈਲਾ ਤੇ ਵਿਆਕੁਲ ਸੀ ਅਤੇ ਘੁੱਪ ਹਨ੍ਹੇਰੇ ਵਾਲੇ (ਗਰਭ ਰੂਪ) ਨਰਕ ਵਿਚ ਪਿਆ ਸੀ। ਹਰੀ ਦਾ ਸਿਮਰਨ ਕਰਦਿਆਂ ਤੂੰ (ਉਥੇ) ਸੜਦਾ ਨਹੀਂ ਸੀ, (ਹੁਣ ਵੀ ਤੂੰ ਉਸ ਪ੍ਰਭੂ ਨੂੰ) ਮਨ ਵਿਚ, ਸਰੀਰ ਵਿਚ ਤੇ ਹਿਰਦੇ ਵਿਚ ਟਿਕਾ ਕੇ ਰੱਖ। ਜਿਸ ਪ੍ਰਭੂ ਨੇ ਤੇਰੀ ਔਖੇ ਥਾਂ ਤੋਂ ਰੱਖਿਆ ਕੀਤੀ ਹੈ, ਉਸ ਨੂੰ ਤੂੰ ਤਿਲ ਮਾਤ੍ਰ ਸਮੇਂ ਲਈ ਵੀ ਨਾ ਭੁਲਾ (ਸਦਾ ਯਾਦ ਰੱਖ)। ਪ੍ਰਭੂ ਦੇ ਭੁਲਾਇਆਂ ਜੀਵਨ ਵਿਚ ਕਦੇ ਸੁਖ ਨਹੀਂ ਮਿਲੇਗਾ ਤੇ ਮਨੁੱਖਾ ਜਨਮ ਹਾਰ ਕੇ ਜਾਵੇਂਗਾ।੨।

ਪਦਾਰਥ = ਰਚੰਤਿ–ਬਣਾਉਂਦਾ ਹੈ। ਜੀਅ–ਜੀਵਾਂ ਦੀ। ਰਚਨਾ–ਬਨਾਵਟ। ਮਾਤ ਗਰਭ–ਮਾਂ ਦੇ ਪੇਟ ਵਿਚ। ਅਸਥਾਪਨੰ–ਟਿਕਾਉਂਦਾ ਹੈ। ਸਾਸਿ ਸਾਸਿ–ਸੁਆਸ ਸੁਆਸ। ਮਹਾ ਅਗਨਿ–ਜਠਰਾਗਨਿ (ਗਰਭ ਦੀ ਅੱਗ)। ਨ ਬਿਨਾਸਨੰ–ਨਾਸ਼ ਨਹੀਂ ਕਰਦੀ।੧। ਤਲੈ–ਹੇਠਾਂ ਨੂੰ। ਕੁਹਥੜੈ ਥਾਇ–ਮੈਲੇ ਥਾਂ ਵਿਚ। ਸੋ ਧਣੀ–ਉਹ ਮਾਲਕ ਪ੍ਰਭੂ। ਉਧਰਹਿ–ਮੁਕਤ ਹੋ ਜਾਏਂਗਾ। ਨਾਇ–ਨਾਮ ਦੁਆਰਾ।੨। ਪਉੜੀ। ਰਕਤੁ–ਲਹੂ। ਬਿੰਦੁ–ਵੀਰਜ। ਨਿੰਮਿਆ–ਨਿਰਮਾਣ ਹੋਇਆ (ਪੁੰਗਰਿਆ; ਉਗਿਆ)। ਉਦਰ–ਪੇਟ ਦੀ। ਮਝਾਰਿ–ਵਿਚ। ਉਰਧ–ਉਲਟਾ (ਹੇਠਾਂ ਨੂੰ)। ਕੁਚੀਲ–ਗੰਦਾ; ਮੈਲਾ। ਬਿਕਲੁ–ਵਿਆਕੁਲ (ਦੁਖੀ)। ਨਰਕਿ–(ਗਰਭ ਰੂਪ) ਨਰਕ ਵਿਚ। ਘੋਰਿ ਗੁਬਾਰਿ –ਘੁੱਪ (ਸੰਘਣੇ) ਹਨ੍ਹੇਰੇ ਵਿਚ। ਨ ਜਲਹਿ–ਸੜਦਾ ਨਹੀਂ ਸੀ। ਮਨਿ–ਮਨ ਵਿਚ। ਤਨਿ–ਸਰੀਰ ਵਿਚ। ਉਰ ਧਾਰਿ–ਹਿਰਦੇ ਵਿਚ ਟਿਕਾ ਕੇ ਰੱਖ। ਬਿਖਮ ਥਾਨਹੁ–ਔਖੇ ਥਾਂ ਤੋਂ। ਤਿਲੁ–ਤਿਲ ਮਾਤ੍ਰ ਸਮੇਂ ਲਈ। ਜਾਸਹਿ ਹਾਰਿ–ਹਾਰ ਕੇ ਜਾਵੇਂਗਾ।੨।

ਸਲੋਕ ॥ ਮਨ ਇਛਾ ਦਾਨ ਕਰਣੰ, ਸਰਬਤ੍ਰ ਆਸਾ ਪੂਰਨਹ ॥ ਖੰਡਣੰ ਕਲਿ ਕਲੇਸਹ, ਪ੍ਰਭ ਸਿਮਰਿ ਨਾਨਕ ਨਹ ਦੂਰਣਹ ॥੧॥ ਹਭਿ ਰੰਗ ਮਾਣਹਿ ਜਿਸੁ ਸੰਗਿ, ਤੈ ਸਿਉ ਲਾਈਐ ਨੇਹੁ ॥ ਸੋ ਸਹੁ ਬਿੰਦ ਨ ਵਿਸਰਉ ,ਨਾਨਕ ਜਿਨਿ ਸੁੰਦਰੁ ਰਚਿਆ ਦੇਹੁ ॥੨॥ (ਹੇ ਭਾਈ! ਪ੍ਰਭੂ ਅਪਣੇ) ਮਨ ਦੀ ਇਛਾ ਅਨੁਸਾਰ (ਸਭ ਜੀਵਾਂ ਨੂੰ) ਦਾਨ ਦੇਂਦਾ ਹੈ; (ਪ੍ਰਭੂ ਸਾਡੇ) ਮਨ ਦੀ ਇੱਛਾ ਅਨੁਸਾਰ (ਸਾਨੂੰ) ਦਾਨ ਦੇਂਦਾ ਹੈ (ਸ਼ਬਦਾਰਥ) ਅਤੇ (ਜੀਵਾਂ ਦੀਆਂ) ਸਭ ਆਸਾਂ ਪੂਰੀਆਂ ਕਰਦਾ ਹੈ। ਉਹ ਪਾਪ ਤੇ ਕਲੇਸ਼ ਨਾਸ਼ ਕਰਦਾ ਹੈ, ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਜੀਵ!) ਪ੍ਰਭੂ ਦਾ ਸਿਮਰਨ ਕਰ, (ਉਹ ਤੈਥੋਂ) ਦੂਰ ਨਹੀਂ (ਤੇਰੇ ਅੰਦਰ ਹੀ ਮੌਜੂਦ ਹੈ)।੧।(ਹੇ ਜੀਵ!) ਜਿਸ ਪ੍ਰਭੂ ਦੇ ਤੇਰੇ ਨਾਲ ਹੋਣ ਕਰਕੇ ਤੂੰ ਸਾਰੇ ਅਨੰਦ ਮਾਣਦਾ ਹੈਂ, ਉਸ ਨਾਲ ਪ੍ਰੇਮ ਕਰਨਾ ਚਾਹੀਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਮਾਲਕ ਨੂੰ ਥੋੜੇ ਸਮੇਂ ਲਈ ਵੀ ਨ ਭੁੱਲੋ, ਜਿਸ ਨੇ (ਤੇਰੇ) ਸੁੰਦਰ ਸਰੀਰ ਨੂੰ ਰਚਿਆ ਹੈ।੨।

ਪਉੜੀ ॥ ਜੀਉ ਪ੍ਰਾਨ ਤਨੁ ਧਨੁ ਦੀਆ, ਦੀਨੇ ਰਸ ਭੋਗ ॥ ਗ੍ਰਿਹ ਮੰਦਰ ਰਥ ਅਸੁ ਦੀਏ, ਰਚਿ ਭਲੇ ਸੰਜੋਗ ॥ ਸੁਤ ਬਨਿਤਾ ਸਾਜਨ ਸੇਵਕ ਦੀਏ, ਪ੍ਰਭ ਦੇਵਨ ਜੋਗ ॥ ਹਰਿ ਸਿਮਰਤ ਤਨੁ ਮਨੁ ਹਰਿਆ, ਲਹਿ ਜਾਹਿ ਵਿਜੋਗ ॥ ਸਾਧ ਸੰਗਿ ਹਰਿ ਗੁਣ ਰਮਹੁ ,ਬਿਨਸੇ ਸਭਿ ਰੋਗ ॥੩॥ (ਹੇ ਭਾਈ!) ਜਿਸ ਪ੍ਰਭੂ ਨੇ ਤੈਨੂੰ ਜਿੰਦ, ਪ੍ਰਾਣ, ਸਰੀਰ ਤੇ ਧਨ ਦਿਤਾ ਹੈ ਅਤੇ ਭੋਗਣ ਲਈ ਸੁਆਦਲੇ ਪਦਾਰਥ ਦਿਤੇ ਹਨ। ਚੰਗੇ ਭਾਗ ਬਣਾ ਕੇ (ਤੈਨੂੰ) ਘਰ ਮਕਾਨ, ਰਥ ਅਤੇ ਘੋੜੇ ਦਿਤੇ ਹਨ। ਦੇਣ ਜੋਗ ਪ੍ਰਭੂ ਨੇ ਪੁਤ੍ਰ, ਇਸਤ੍ਰੀ, ਮਿੱਤਰ ਤੇ ਨੌਕਰ (ਤੈਨੂੰ) ਦਿਤੇ ਹਨ। ਹਰੀ ਨੂੰ ਸਿਮਦਿਆਂ ਤਨ ਤੇ ਮਨ ਖਿੜ ਜਾਂਦਾ ਹੈ ਅਤੇ ਵਿਛੋੜੇ (ਦੇ ਦੁਖ) ਦੂਰ ਹੋ ਜਾਂਦੇ ਹਨ। (ਇਸ ਕਰਕੇ ਹੇ ਗੁਰਮੁਖੋ!) ਸਾਧ ਸੰਗਤ ਵਿਚ ਹਰੀ ਦੇ ਗੁਣ ਗਾਓ, (ਫਿਰ ਤੁਹਾਡੇ) ਸਾਰੇ ਰੋਗ ਨਾਸ਼ ਹੋ ਜਾਣਗੇ।੩।

ਪਦਾਰਥ = ਮਨ ਇਛਾ–ਮਨ ਦੀ ਇੱਛਾ ਅਨੁਸਾਰ। ਕਰਣੰ–ਕਰਦਾ (ਦੇਂਦਾ) ਹੈ। ਸਰਬਤ੍ਰ–ਸਾਰੀਆਂ। ਪੂਰਨਹ–ਪੂਰੀਆਂ ਕਰਦਾ ਹੈ। ਖੰਡਣੰ–ਨਾਸ਼ ਕਰਦਾ ਹੈ। ਕਲਿ–ਪਾਪ; ਝਗੜੇ; ਕਲਜੁਗ ਦੇ; ਕਲਪਣਾ। ਨਹ ਦੂਰਣਹ–ਦੂਰ ਨਹੀਂ।੧। ਹਭਿ–ਸਾਰੇ। ਰੰਗ–ਅਨੰਦ; ਮੌਜਾਂ। ਤੈ ਸਿਉ–ਉਸ ਨਾਲ । ਨੇਹੁ–ਪ੍ਰੇਮ। ਸੋ–ਉਹ। ਸਹੁ–ਮਾਲਕ ਪ੍ਰਭੂ। ਬਿੰਦ–ਥੋੜਾ ਸਮਾਂ। ਨ ਵਿਸਰਉ–ਨਾ ਭੁੱਲੋ। ਜਿਨਿ–ਜਿਸ ਨੇ । ਦੇਹੁ–ਸਰੀਰ।੨। ਪਉੜੀ। ਜੀਉ–ਜਿੰਦ। ਦੀਆ–ਦਿਤੇ। ਦੀਨੇ–ਦਿਤੇ। ਰਸ ਭੋਗ–ਸੁਆਦਲੇ ਪਦਾਰਥ ਭੋਗਣ ਲਈ। ਗ੍ਰਿਹ–ਕੱਚੇ ਘਰ। ਮੰਦਰ–ਪੱਕੇ ਮਕਾਨ। ਅਸੁ (ਅਸ੍ਵ)–ਘੋੜੇ। ਰਚਿ–ਬਣਾ ਕੇ। ਭਲੇ ਸੰਜੋਗ–ਚੰਗੇ ਭਾਗ (ਚੰਗੀ ਕਿਸਮਤ)। ਸੁਤ–ਪੁਤ੍ਰ। ਬਨਿਤਾ–

ਇਸਤ੍ਰੀ। ਸਾਜਨ–ਚੰਗੇ ਮਿਤ੍ਰ। ਦੇਵਨ ਜੋਗ–ਦੇਣ ਦੇ ਸਮਰੱਥ। ਲਹਿ ਜਾਹਿ–ਲਹਿ (ਦੂਰ ਹੋ) ਜਾਂਦੇ ਹਨ। ਹਰਿਆ–ਹਰ ਭਰਾ (ਖਿੜ) ਜਾਂਦਾ ਹੈ। ਵਿਜੋਗ–ਵਿਛੋੜਾ। ਰਮਹੁ–ਉਚਾਰੋ (ਗਾਓ)। ਬਿਨਸੇ–ਨਾਸ਼ ਹੋ ਜਾਂਦੇ ਹਨ।੩।

ਸਲੋਕ ॥ ਕੁਟੰਬ ਜਤਨ ਕਰਣੰ. ਮਾਇਆ ਅਨੇਕ ਉਦਮਹ ॥ ਹਰਿ ਭਗਤਿ ਭਾਵ ਹੀਣੰ, ਨਾਨਕ ਪ੍ਰਭ ਬਿਸਰਤ ਤੇ ਪ੍ਰੇਤਤਹ ॥੧॥ ਤੁਟੜੀਆ ਸਾ ਪ੍ਰੀਤਿ, ਜੋ ਲਾਈ ਬਿਅੰਨ ਸਿਉ ॥ ਨਾਨਕ ਸਚੀ ਰੀਤਿ, ਸਾਂਈ ਸੇਤੀ ਰਤਿਆ ॥੨॥ (ਹੇ ਭਾਈ! ਮਨੁੱਖ ਅਪਣੇ) ਪ੍ਰਵਾਰ ਵਾਸਤੇ ਬੜੇ ਜਤਨ ਕਰਦੇ ਹਨ ਅਤੇ ਮਾਇਆ ਦੀ ਪ੍ਰਾਪਤੀ ਵਾਸਤੇ ਵੀ ਅਨੇਕਾਂ ਤਰ੍ਹਾਂ (ਬਲ ਛਲ) ਦੇ ਉਦਮ ਕਰਦੇ ਹਨ। (ਐਸੇ ਮਨੁੱਖ) ਹਰੀ ਦੀ ਪ੍ਰੇਮਾ ਭਗਤੀ ਤੋਂ ਖਾਲੀ ਹਨ, ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਨੂੰ ਭੁੱਲ ਜਾਣ ਕਰਕੇ ਉਹ ਮਨੁੱਖ ਪ੍ਰੇਤ ਜੂਨ ਵਿਚ ਪੈਂਦੇ ਹਨ।੧। ਉਹ ਪ੍ਰੀਤ ਟੁੱਟ ਗਈ, (ਪ੍ਰਭੂ ਨੂੰ ਛਡ ਕੇ) ਜੋ ਪ੍ਰੀਤ ਕਿਸੇ ਦੂਜੇ ਨਾਲ ਲਾਈ ਹੋਈ ਸੀ। ਨਾਨਕ ਗੁਰੂ ਜੀ ਆਖਦੇ ਹਨ ਕਿ ਸੱਚੀ ਰੀਤ ਇਹੋ ਹੈ, ਜੇ (ਮਨੁੱਖ) ਪ੍ਰਭੂ ਨਾਲ ਜੁੜਿਆ ਰਹੇ।੨।

ਪਉੜੀ ॥ ਜਿਸੁ ਬਿਸਰਤ ਤਨੁ ਭਸਮ ਹੋਇ, ਕਹਤੇ ਸਭਿ ਪ੍ਰੇਤੁ ॥ ਖਿਨੁ ਗ੍ਰਿਹ ਮਹਿ ਬਸਨ ਨ ਦੇਵਹੀ, ਜਿਨ ਸਿਉ ਸੋਈ ਹੇਤੁ ॥ ਕਰਿ ਅਨਰਥ ਦਰਬੁ ਸੰਚਿਆ, ਸੋ ਕਾਰਜਿ ਕੇਤੁ ॥ ਜੈਸਾ ਬੀਜੈ ਸੋ ਲੁਣੈ, ਕਰਮ ਇਹੁ ਖੇਤੁ ॥ ਅਕਿਰਤਘਣਾ ਹਰਿ ਵਿਸਰਿਆ, ਜੋਨੀ ਭਰਮੇਤੁ ॥੪॥ ਜਿਸ (ਜੀਵਾਤਮਾ ਦੇ) ਵਿਛੜ ਜਾਣ ਨਾਲ ਸਰੀਰ ਸੁਆਹ ਹੋ ਜਾਂਦਾ ਹੈ ਅਤੇ ਸਾਰੇ (ਸਾਕ ਸਬੰਧੀ ਉਸ ਨੂੰ) ਪ੍ਰੇਤ ਕਹਿਣ ਲਗ ਜਾਂਦੇ ਹਨ। ਜਿਨ੍ਹਾਂ (ਸਾਕ ਸਬੰਧੀਆਂ) ਨਾਲ (ਇਸ ਦਾ ਇਤਨਾ) ਪ੍ਰੇਮ ਸੀ, ਉਹ ਇਕ ਖਿਨ ਵੀ (ਇਸ ਮਰੇ ਹੋਏ ਨੂੰ) ਘਰ ਵਿਚ ਵਸਣ ਨਹੀਂ ਦੇਂਦੇ। ਪਾਪ ਕਰਕੇ ਜੋ ਧਨ ਇਕੱਠਾ ਕੀਤਾ ਸੀ, ਉਹ ਕਿਸ ਕੰਮ ਆਇਆ? (ਬਿਅਰਥ ਚਲਾ ਗਿਆ)। ਇਹ ਜੀਵਨ ਕਰਮਾਂ ਦਾ ਖੇਤ ਹੈ, (ਇਸ ਵਿਚ ਮਨੁੱਖ ਕਰਮ ਰੂਪ ਬੀਜ) ਜੈਸਾ ਬੀਜਦਾ ਹੈ, ਉਹੋ ਹੀ ਵੱਢਦਾ ਹੈ। ਅਕ੍ਰਿਤਘਣਾਂ ਨੂੰ ਹਰੀ ਭੁੱਲ ਗਿਆ ਹੈ, (ਇਸ ਲਈ ਉਹ) ਜੋਨੀਆਂ ਵਿਚ ਭਟਕਦੇ ਫਿਰਦੇ ਹਨ।੪।

ਪਦਾਰਥ = ਕੁਟੰਬ–ਪ੍ਰਵਾਰ। ਕਰਣੰ–ਕਰਦੇ ਹਨ। ਉਦਮਹ–ਉਦਮ। ਭਗਤਿ ਭਾਵ–ਪ੍ਰੇਮਾ ਭਗਤੀ। ਹੀਣੰ–ਖਾਲੀ। ਬਿਸਰਤ–ਭੁੱਲ ਜਾਣ ਕਰਕੇ। ਤੇ–ਉਹ। ਪ੍ਰੇਤਤਹ–ਭੂਤ ਪ੍ਰੇਤ।੧। ਤੁਟੜੀਆ–ਟੁੱਟ ਗਈ। ਸਾ–ਉਹ। ਬਿਅੰਨ ਸਿਉ–ਦੂਜੇ ਨਾਲ। ਰੀਤਿ–(ਜੀਵਨ ਜਿਉਣ ਦਾ) ਤਰੀਕਾ। ਸਾਂਈ ਸੇਤੀ–ਪ੍ਰਭੂ ਨਾਲ। ਰਤਿਆ–ਜੁੜਿਆ ਰਹੇ।੨। ਪਉੜੀ। ਬਿਸਰਤ–ਵਿਛੜ ਜਾਣ ਨਾਲ। ਭਸਮੁ–ਸੁਆਹ। ਕਹਤੇ –ਕਹਿਣ ਲਗ ਜਾਂਦੇ ਹਨ। ਖਿਨੁ–ਇਕ ਪਲ। ਗ੍ਰਿਹ ਮਹਿ–ਘਰ ਵਿਚ। ਬਸਨ ਨ ਦੇਵਹੀ–ਰਹਿਣ ਨਹੀਂ ਦੇਂਦੇ। ਜਿਨ ਸਿਉ–ਜਿਨ੍ਹਾਂ ਨਾਲ। ਸੋਈ–ਉਹ। ਹੇਤੁ–ਪ੍ਰੇਮ। ਕਰਿ ਅਨਰਥ–ਬੁਰੇ ਕੰਮ ਕਰਕੇ। ਦਰਬੁ–ਧਨ। ਸੰਚਿਆ–ਇਕੱਠਾ ਕੀਤਾ। ਸੋ–ਉਹ। ਕਾਰਜਿ ਕੇਤੁ–ਕਿਸ ਕੰਮ ਆਇਆ? ਲੁਣੈ–ਵੱਢਦਾ ਹੈ। ਅਕ੍ਰਿਤਘਣਾ–ਭਲਾ ਕੀਤੇ ਹੋਏ ਨੂੰ ਭੁਲਾ ਦੇਣ ਵਾਲੇ ਨੂੰ। ਭਰਮੇਤੁ–ਭਟਕਦੇ ਫਿਰਦੇ ਹਨ।੪।

ਸਲੋਕ ॥ ਕੋਟਿ ਦਾਨ ਇਸਨਾਨੰ, ਅਨਿਕ ਸੋਧਨ ਪਵਿਤ੍ਰਤਹ ॥ ਉਚਰੰਤਿ ਨਾਨਕ ਹਰਿ ਹਰਿ ਰਸਨਾ, ਸਰਬ ਪਾਪ ਬਿਮੁਚਤੇ ॥੧॥ ਈਧਣੁ ਕੀਤੋ ਮੂ ਘਣਾ, ਭੋਰੀ ਦਿਤੀਮੁ ਭਾਹਿ ॥ ਮਨਿ ਵਸੰਦੜੋ ਸਚੁ ਸਹੁ ,ਨਾਨਕ ਹਭੇ ਡੁਖੜੇ ਉਲਾਹਿ ॥੨॥ ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ) ਜੀਭ ਨਾਲ ਹਰਿ ਹਰਿ ਨਾਮ ਉਚਾਰਦੇ ਹਨ, (ਉਨ੍ਹਾਂ ਲਈ) ਕ੍ਰੋੜਾਂ ਦਾਨ, ਤੀਰਥ ਇਸ਼ਨਾਨ, ਅਨੇਕਾਂ ਸੁੱਚਮਾਂ ਤੇ ਪਵਿਤ੍ਰਤਾ ਦੇ ਸਾਧਨ ਹੋ ਜਾਂਦੇ ਹਨ ਅਤੇ (ਉਨ੍ਹਾਂ ਦੇ) ਸਾਰੇ ਪਾਪ ਵੀ ਕੱਟੇ ਜਾਂਦੇ ਹਨ।੧।(ਇਕ ਦ੍ਰਿਸਟਾਂਤ, ਮੰਨ ਲਵੋ ਕਿ) ਮੈਂ ਬਹੁਤ ਸਾਰਾ ਬਾਲਣ ਇਕੱਠਾ ਕੀਤਾ ਹੈ ਅਤੇ ਥੋੜੀ ਜਿਹੀ ਉਸ ਨੂੰ ਅੱਗ ਦਿਤੀ (ਤਾਂ ਸਾਰਾ ਬਾਲਣ ਸੜ ਗਿਆ। ਇਸੇ ਤਰ੍ਹਾਂ ਜੇ) ਸੱਚਾ ਮਾਲਕ ਮਨ ਵਿਚ ਵਸ ਜਾਵੇ, ਤਾਂ ਨਾਨਕ ਗੁਰੂ ਜੀ ਆਖਦੇ ਹਨ ਕਿ ਸਾਰੇ ਦੁਖ ਲਹਿ ਜਾਂਦੇ ਹਨ।੨।

ਅੰਗ ੭੦੭ = ਪਉੜੀ ॥ ਕੋਟਿ ਅਘਾ ਸਭਿ ਨਾਸ ਹੋਹਿ, ਸਿਮਰਤ ਹਰਿ ਨਾਉ ॥ ਮਨ ਚਿੰਦੇ ਫਲ ਪਾਈਅਹਿ, ਹਰਿ ਕੇ ਗੁਣ ਗਾਉ ॥ ਜਨਮ ਮਰਣ ਭੈ ਕਟੀਅਹਿ, ਨਿਹਚਲ ਸਚੁ ਥਾਉ ॥ ਪੂਰਬਿ ਹੋਵੈ ਲਿਖਿਆ, ਹਰਿ ਚਰਣ ਸਮਾਉ ॥ ਕਰਿ ਕਿਰਪਾ ਪ੍ਰਭ ਰਾਖਿ ਲੇਹੁ ,ਨਾਨਕ ਬਲਿ ਜਾਉ ॥੫॥ (ਹੇ ਭਾਈ!) ਹਰੀ ਦਾ ਨਾਮ ਸਿਮਰਿਆਂ ਕ੍ਰੋੜਾਂ ਪਾਪ ਨਾਸ਼ ਹੋ ਜਾਂਦੇ ਹਨ। ਹਰੀ ਦੇ ਗੁਣ ਗਾਉਣ ਨਾਲ ਮਨ ਚਾਹੇ ਫਲ ਪ੍ਰਾਪਤ ਹੋ ਜਾਂਦੇ ਹਨ। ਜਨਮ ਮਰਨ ਦੇ ਡਰ ਕੱਟੇ ਜਾਂਦੇ ਹਨ ਅਤੇ ਸੱਚਾ ਅਚੱਲ ਟਿਕਾਣਾ ਮਿਲ ਜਾਂਦਾ ਹੈ। ਜੇ ਪਹਿਲਾਂ ਤੋਂ ਕਰਮਾਂ ਵਿਚ ਲਿਖਿਆ ਹੋਵੇ ਤਾਂ ਹਰੀ ਦੇ ਚਰਨਾਂ ਵਿਚ ਲੀਨਤਾ ਹੋ ਜਾਂਦੀ ਹੈ। ਨਾਨਕ ਗੁਰੂ ਜੀ ਅਰਦਾਸ ਕਰਦੇ ਹਨ ਕਿ ਹੇ ਪ੍ਰਭੂ! ਕ੍ਰਿਪਾ ਕਰਕੇ ਮੈਨੂੰ ਰੱਖ ਲਵੋ (ਰੱਖਿਆ ਕਰੋ) ਅਤੇ ਮੈਂ (ਆਪ ਜੀ ਤੋਂ) ਬਲਹਾਰ ਜਾਂਦਾ ਹਾਂ।੫।

ਪਦਾਰਥ = ਕੋਟਿ–ਕ੍ਰੋੜਾਂ। ਅਨਿਕ–ਅਨੇਕਾਂ। ਸੋਧਨ–ਸੁੱਚਮਤਾ; ਸਰੀਰਕ ਸ਼ੁੱਧਤਾ। ਪਵਿਤ੍ਰਤਹ–ਪਵਿਤ੍ਰਤਾ। ਉਚਰੰਤਿ–ਉਚਾਰਦੇ ਹਨ। ਰਸਨਾ–ਜੀਭ ਨਾਲ। ਸਰਬ–ਸਾਰੇ। ਬਿਮੁਚਤੇ–ਕੱਟੇ ਜਾਂਦੇ ਹਨ।੧। ਈਧਣੁ–ਬਾਲਣ। ਮੂ–ਮੈਂ। ਘਣਾ–ਬਹੁਤ ਸਾਰਾ। ਭੋਰੀ–ਥੋੜਾ ਜਿਹਾ। ਦਿਤੀਮੁ–ਮੈਂ ਦਿਤੀ। ਭਾਹਿ–ਅੱਗ। ਮਨਿ–ਮਨ ਵਿਚ। ਵਸੰਦੜੋ–ਵਸ ਜਾਵੇ। ਸਚੁ ਸਹੁ–ਸੱਚਾ ਮਾਲਕ। ਹਭੇ–ਸਾਰੇ। ਡੁਖੜੇ–ਦੁਖ। ਉਲਾਹਿ–ਲਹਿ ਜਾਂਦੇ ਹਨ।੨। ਪਉੜੀ। ਅਘਾ–ਪਾਪ। ਹੋਹਿ–ਹੋ ਜਾਂਦੇ ਹਨ। ਮਨ ਚਿੰਦੇ–ਮਨ ਇੱਛਤ। ਨਿਹਚਲੁ ਥਾਉ–ਅਚੱਲ ਥਾਂ। ਪੂਰਬਿ–ਪਹਿਲਾਂ ਤੋਂ। ਸਮਾਉ–ਲੀਨਤਾ; ਮਿਲਾਪ। ਰਾਖਿ ਲੇਹੁ–ਰੱਖ (ਬਚਾ) ਲਵੋ। ਬਲਿ ਜਾਉ–ਮੈਂ ਬਲਹਾਰ ਜਾਂਦਾ ਹਾਂ।੫।

ਸਲੋਕ ॥ ਗ੍ਰਿਹ ਰਚਨਾ ਅਪਾਰੰ, ਮਨਿ ਬਿਲਾਸ ਸੁਆਦੰ ਰਸਹ ॥ ਕਦਾਂਚ ਨਹ ਸਿਮਰੰਤਿ ਨਾਨਕ, ਤੇ ਜੰਤ ਬਿਸਟਾ ਕ੍ਰਿਮਹ ॥੧॥ ਮੁਚੁ ਅਡੰਬਰੁ ਹਭੁ ਕਿਹੁ ,ਮੰਞਿ ਮੁਹਬਤਿ ਨੇਹ ॥ ਸੋ ਸਾਂਈ ਜੈਂ ਵਿਸਰੈ, ਨਾਨਕ ਸੋ ਤਨੁ ਖੇਹ ॥੨॥ ਨਾਨਕ ਗੁਰੂ ਜੀ ਆਖਦੇ ਹਨ (ਕਿ ਜਿਹੜੇ ਲੋਕ) ਘਰਾਂ ਦੀਆਂ ਬਹੁਤੀਆਂ ਉਸਾਰੀਆਂ ਵਿਚ, ਮਨ ਵਿਚ ਖੁਸ਼ੀਆਂ, ਪਦਾਰਥ ਦੇ ਸੁਆਦਾਂ ਅਤੇ ਵਿਸ਼ਿਆਂ ਦੇ ਰਸਾਂ ਵਿਚ ਲਗ ਕੇ ਕਦੇ ਹਰੀ ਨੂੰ ਸਿਮਰਦੇ, (ਸਮਝ ਲਵੋ) ਉਹ ਜੀਵ ਗੰਦਗੀ ਦੇ ਕੀੜੇ ਹਨ।੧।(ਭਾਵੇਂ ਮਨੁੱਖ ਦਾ) ਬਹੁਤ ਠਾਠ ਬਾਠ ਹੋਵੇ ਤੇ ਹੋਰ ਸਭ ਕੁਛ (ਉਸ ਕੋਲ) ਹੋਵੇ ਅਤੇ (ਉਸ ਦਾ ਇਨ੍ਹਾਂ ਪਦਾਰਥਾਂ) ਵਿਚ ਪਿਆਰ ਤੇ (ਸਬੰਧੀਆਂ ਨਾਲ ਵੀ) ਮੁਹੱਬਤ ਹੋਵੇ। (ਪਰ) ਜਿਸ ਨੂੰ ਉਹ ਸਾਂਈ ਭੁੱਲ ਜਾਂਦਾ ਹੈ, ਨਾਨਕ ਗੁਰੂ ਜੀ ਆਖਦੇ ਹਨ (ਕਿ ਸਮਝੋ) ਉਹ ਸਰੀਰ ਮਿੱਟੀ ਹੈ।੨।

ਪਉੜੀ ॥ ਸੁੰਦਰ ਸੇਜ ਅਨੇਕ ਸੁਖ, ਰਸ ਭੋਗਣ ਪੂਰੇ ॥ ਗ੍ਰਿਹ ਸੋਇਨ ਚੰਦਨ ਸੁਗੰਧ, ਲਾਇ ਮੋਤੀ ਹੀਰੇ ॥ ਮਨ ਇਛੇ ਸੁਖ ਮਾਣਦਾ, ਕਿਛੁ ਨਾਹਿ ਵਿਸੂਰੇ ॥ ਸੋ ਪ੍ਰਭੁ ਚਿਤਿ ਨ ਆਵਈ, ਵਿਸਟਾ ਕੇ ਕੀਰੇ ॥ ਬਿਨੁ ਹਰਿ ਨਾਮ ਨ ਸਾਂਤਿ ਹੋਇ, ਕਿਤੁ ਬਿਧਿ ਮਨੁ ਧੀਰੇ ॥੬॥ (ਹੇ ਭਾਈ! ਭਾਵੇਂ ਮਨੁੱਖ ਕੋਲ ਇਸਤ੍ਰੀ ਸਮੇਤ) ਸੁੰਦਰ ਸੇਜਾਂ, ਅਨੇਕਾਂ ਸੁਖ ਅਤੇ ਭੋਗਣ ਵਾਸਤੇ ਪੂਰੇ ਰਸ ਹੋਣ।ਹੀਰੇ ਮੋਤੀ ਲਗੇ (ਜੜੇ) ਹੋਏ ਸੋਨੇ ਦੇ ਘਰ ਹੋਣ, ਜਿਨ੍ਹਾਂ ਵਿਚ ਚੰਦਨ ਦੀ ਸੁਗੰਧੀ (ਦਾ ਛਿੜਕਾਉ ਕੀਤਾ) ਹੋਵੇ।ਮਨ ਇੱਛੇ ਸੁਖ ਮਾਣਦਾ ਹੋਵੇ ਅਤੇ ਚਿੰਤਾ ਆਦਿ ਕੁਛ ਨਾ ਹੋਵੇ।(ਇੰਨਾ ਕੁਛ ਹੁੰਦਿਆਂ ਜੇ ਇਹ ਦਾਤਾਂ ਦੇਣ ਵਾਲਾ) ਪ੍ਰਭੂ ਯਾਦ ਨਹੀਂ ਆਉਂਦਾ, (ਤਾਂ ਸਮਝੋ ਇਹ ਸਭ ਪਦਾਰਥ ਭੋਗਣ ਵਾਲੇ ਮਨੁੱਖ) ਗੰਦਗੀ ਦੇ ਕੀੜੇ ਹਨ।(ਨਿਚੋੜ ਵਾਲੀ ਗੱਲ ਇਹ ਹੈ ਕਿ) ਹਰੀ ਦੇ ਨਾਮ ਤੋਂ ਬਿਨਾ (ਮਨ ਨੂੰ) ਸ਼ਾਂਤੀ ਪ੍ਰਾਪਤ ਨਹੀਂ ਹੁੰਦੀ, (ਉਸ ਤੋਂ ਬਿਨਾ) ਕਿਸ ਪ੍ਰਕਾਰ ਮਨ ਨੂੰ ਧੀਰਜ ਹੋਵੇ?।੬।

ਪਦਾਰਥ = ਗ੍ਰਿਹ ਰਚਨਾ–ਘਰ ਦੀਆਂ ਉਸਾਰੀਆਂ।ਅਪਾਰੰ–ਬਹੁਤ।ਮਨਿ–ਮਨ ਵਿਚ।ਬਿਲਾਸ–ਖੁਸ਼ੀਆਂ।ਸੁਆਦੰ–ਸੁਆਦ; ਚਸਕੇ।ਰਸਹ–ਰਸਾਂ ਵਿਚ।ਕਦਾਂਚ ਨਹ–ਕਦੇ ਵੀ ਨਹੀਂ।ਤੇ ਜੰਤ–ਉਹ ਜੀਵ।ਬਿਸਟਾ–ਗੰਦਗੀ ਦੇ।ਕ੍ਰਿਮਹ–ਕੀੜੇ।੧।ਮੁਚੁ ਅਡੰਬਰ–ਬਹੁਤ ਠਾਠ ਬਾਠ (ਸਜ ਧਜ)।ਹਭੁ ਕਿਹੁ–ਸਭ ਕੁਛ।ਮੰਞਿ–ਵਿਚ।ਨੇਹੁ–ਪਿਆਰ।ਸੋ ਸਾਂਈ–ਉਹ ਮਾਲਕ।ਜੈਂ–ਜਿਸ ਨੂੰ।ਤਨੁ–ਸਰੀਰ।ਖੇਹ–ਮਿੱਟੀ (ਬਿਅਰਥ)।੨।ਪਉੜੀ।ਸੇਜ–ਪਲੰਘ; ਬਿਸਤਰਾ।ਰਸ ਭੋਗਣ–ਭੋਗਣ ਵਾਲੇ ਰਸ।ਪੂਰੇ–ਪੂਰਨ; ਸਾਰੇ।ਗ੍ਰਿਹ ਸੋਇਨ–ਸੋਨੇ ਦੇ ਘਰ।ਸੁਗੰਧ–ਖੁਸ਼ਬੋ।ਮਨ ਇਛੇ–ਮਨ ਦੇ ਚਾਹੇ ਹੋਏ।ਵਿਸੂਰੇ–ਚਿੰਤਾ; ਦੁਖ; ਝੋਰੇ।ਸੋ–ਉਹ।ਚਿਤਿ–ਚੇਤੇ।ਨ ਆਵਈ–ਨਹੀਂ ਆਉਂਦਾ।ਵਿਸਟਾ ਕੇ ਕੀਰੇ–ਗੰਦਗੀ ਦੇ ਕੀੜੇ।ਕਿਤੁ ਬਿਧਿ–ਕਿਸ ਪ੍ਰਕਾਰ।ਧੀਰੇ–ਧੀਰਜ ਹੋਵੇ।੬।

ਸਲੋਕ ॥ ਚਰਨ ਕਮਲ ਬਿਰਹੰ, ਖੋਜੰਤ ਬੈਰਾਗੀ ਦਹਦਿਸਹ ॥ ਤਿਆਗੰਤ ਕਪਟ ਰੂਪ ਮਾਇਆ, ਨਾਨਕ ਆਨੰਦ ਰੂਪ ਸਾਧ ਸੰਗਮਹ ॥੧॥ ਮਨਿ ਸਾਂਈ ਮੁਖਿ ਉਚਰਾ, ਵਤਾ ਹਭੇ ਲੋਅ ॥ ਨਾਨਕ ਹਭਿ ਅਡੰਬਰ ਕੂੜਿਆ, ਸੁਣਿ ਜੀਵਾ ਸਚੀ ਸੋਇ ॥੨॥ (ਇਹ ਸਲੋਕ ਤੇ ਪਉੜੀ ਗੁਰੂ ਅਰਜਨ ਦੇਵ ਜੀ ਨੇ ਭਾਈ ਹੇਮੇ ਪ੍ਰਤੀ ਉਚਾਰੇ ਹਨ, ਜਿਸ ਦੀ ਟੁੱਟੀ ਫੁੱਟੀ ਛਪਰੀ ਵਿਚ ਗੁਰੂ ਜੀ ਨੇ ਕੁਛ ਸਮਾ ਬਿਤਾਇਆ ਸੀ।ਹੇ ਭਾਈ! ਜੋ ਪੁਰਖ ਹਰੀ ਦੇ) ਚਰਨਾਂ ਕਮਲਾਂ ਦਾ ਪ੍ਰੇਮੀ ਹੈ, (ਉਹ) ਸੰਸਾਰ ਤੋਂ ਬੈਰਾਗੀ ਹੋ ਕੇ ਦਸੇ ਪਾਸੇ ਹਰੀ ਨੂੰ ਖੋਜਦਾ ਫਿਰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਉਹ) ਛਲ ਰੂਪ ਮਾਇਆ ਨੂੰ ਛਡ ਦਿੰਦਾ ਹੈ ਅਤੇ ਅਨੰਦ ਰੂਪ ਸਾਧ ਸੰਗਤ ਵਿਚ ਰਹਿੰਦਾ ਹੈ।੧।(ਮੇਰੇ) ਮਨ ਵਿਚ ਮਾਲਕ ਪ੍ਰਭੂ ਦਾ ਨਾਮ ਹੈ ਤੇ ਮੂੰਹ ਨਾਲ ਵੀ ਮੈਂ (ਉਸ ਦਾ) ਨਾਮ ਉਚਾਰਦਾ ਹਾਂ ਅਤੇ ਸਾਰੇ ਸੰਸਾਰ ਵਿਚ (ਉਸ ਨੂੰ ਲੱਭਦਾ) ਫਿਰਦਾ ਹਾਂ।ਨਾਨਕ ਗੁਰੂ ਜੀ ਆਖਦੇ ਹਨ ਕਿ (ਮੇਰੇ ਲਈ ਦੁਨੀਆਂ ਦੇ) ਸਾਰੇ ਅਡੰਬਰ ਝੂਠੇ ਹਨ ਅਤੇ ਮੈਂ (ਉਸ ਪ੍ਰਭੂ ਦੀ) ਸੱਚੀ ਸੋਭਾ ਸੁਣ ਕੇ ਜਿਉਂਦਾ ਹਾਂ।੨।

ਪਉੜੀ ॥ ਬਸਤਾ ਤੂਟੀ ਝੁੰਪੜੀ, ਚੀਰ ਸਭਿ ਛਿੰਨਾ ॥ ਜਾਤਿ ਨ ਪਤਿ ਨ ਆਦਰੋ, ਉਦਿਆਨ ਭ੍ਰਮਿੰਨਾ ॥ ਮਿਤ੍ਰ ਨ ਇਠ ਧਨ ਰੂਪ ਹੀਣ, ਕਿਛੁ ਸਾਕ ਨ ਸਿੰਨਾ ॥ ਰਾਜਾ ਸਗਲੀ ਸ੍ਰਿਸਟਿ ਕਾ, ਹਰਿ ਨਾਮਿ ਮਨੁ ਭਿੰਨਾ ॥ ਤਿਸ ਕੀ ਧੂੜਿ ਮਨੁ ਉਧਰੈ, ਪ੍ਰਭੁ ਹੋਇ ਸੁ ਪ੍ਰਸਿੰਨਾ ॥੭॥ ਭਾਵੇਂ ਕੋਈ ਮਨੁੱਖ) ਟੁੱਟੀ ਹੋਈ ਝੁੱਗੀ ਵਿਚ ਵਸਦਾ ਹੋਵੇ ਅਤੇ (ਉਸ ਦੇ) ਸਾਰੇ ਕੱਪੜੇ ਪਾਟੇ ਹੋਏ ਹੋਣ।ਨਾ (ਉਸ ਦੀ) ਉਚੀ ਜਾਤ ਹੋਵੇ, ਨਾ ਉਚਾ ਖਾਨਦਾਨ ਹੋਵੇ; ਸਮਾਜ ਵਿਚ ਇੱਜਤ ਨਾ ਹੋਵੇ, ਨਾ (ਕੋਈ ਉਸ ਦਾ) ਆਦਰ ਕਰਦਾ ਹੋਵੇ ਅਤੇ ਉਜਾੜ ਵਿਚ ਭੌਂਦਾ ਫਿਰਦਾ ਹੋਵੇ।ਨਾ (ਉਸ ਦਾ ਕੋਈ) ਪਿਆਰਾ ਮਿਤ੍ਰ ਹੋਵੇ, ਧਨ ਤੇ ਸੁੰਦਰ ਰੂਪ ਤੋਂ ਵੀ (ਭਾਵੇਂ) ਹੀਣਾ ਹੋਵੇ ਅਤੇ ਕੋਈ ਸਾਕ ਸਬੰਧੀ ਵੀ ਨਾ ਹੋਵੇ।(ਪਰ ਜੇ ਅਜੇਹਾ ਮਨੁੱਖ) ਹਰੀ ਦੇ ਨਾਮ ਵਿਚ ਭਿੱਜਿਆ ਹੋਇਆ ਹੈ, (ਤਾਂ ਸਮਝੋ ਉਹ) ਸਾਰੀ ਸ੍ਰਿਸਟੀ ਦਾ ਰਾਜਾ ਹੈ।(ਅਜੇਹੇ ਪੁਰਖ ਦੀ) ਚਰਨ ਧੂੜ ਨਾਲ ਮਨੁੱਖ ਮੁਕਤ ਹੋ ਜਾਂਦਾ ਹੈ ਅਤੇ ਪ੍ਰਭੂ ਵੀ ਬਹੁਤ ਪ੍ਰਸੰਨ ਹੁੰਦਾ ਹੈ।੭।

ਪਦਾਰਥ = ਚਰਨ ਕਮਲ–ਕਮਲ ਫੁੱਲ ਵਰਗੇ ਚਰਨ।ਬਿਰਹੰ–ਵਿਛੋੜੇ ਦਾ ਦਰਦ; ਪ੍ਰੇਮੀ।ਬੈਰਾਗੀ–ਸੰਸਾਰ ਦੇ ਪਦਾਰਥਾਂ ਦਾ ਤਿਆਗ ਕਰਨ ਵਾਲਾ।ਦਹਦਿਸਹ–ਦਸੇ ਦਿਸ਼ਾਵਾਂ ਵਿਚ।ਤਿਆਗੰਤ–ਛਡ ਦਿੰਦਾ ਹੈ।ਕਪਟ–ਛਲ।ਸਾਧ ਸੰਗਮਹ–ਸਾਧ ਸੰਗਤ ਵਿਚ।੧। ਮਨਿ–ਮਨ ਵਿਚ।ਸਾਂਈ–ਮਾਲਕ ਪ੍ਰਭੂ।ਮੁਖਿ–ਮੂੰਹ ਨਾਲ।ਉਚਰਾ–ਉਚਾਰਦਾ ਹਾਂ।ਵਤਾ–ਫਿਰਦਾ ਹਾਂ।ਹਭੇ–ਸਾਰੇ।ਲੋਅ–ਸੰਸਾਰ ਵਿਚ।ਅਡੰਬਰ–ਸਜਾਵਟ; ਖਿਲਾਰਾ; ਦਿਖਾਵਾ।ਕੂੜਿਆ–ਝੂਠੇ।ਸੋਇ–ਸੋਭਾ।੨।ਪਉੜੀ।ਬਸਤਾ–ਵਸਦਾ ਹੋਵੇ।ਤੂਟੀ–ਟੁੱਟੀ ਹੋਈ।ਝੁੰਪੜੀ–ਝੁੱਗੀ।ਚੀਰ–ਕੱਪੜੇ।ਛਿੰਨਾ–ਪਾਟੇ ਹੋਏ।ਪਤਿ–ਸੰਪਤੀ (ਮ. ਕੋ.); ਖਾਨਦਾਨ; ਇੱਜਤ।ਉਦਿਆਨ–ਉਜਾੜ; ਜੰਗਲ।

ਭ੍ਰਮਿੰਨਾ–ਤੁਰਿਆ ਫਿਰਦਾ ਹੋਵੇ।ਇਠ–ਪਿਆਰਾ।ਸਾਕ ਸਿੰਨਾ–ਸਾਕ ਸਬੰਧੀ।ਸਗਲੀ–ਸਾਰੀ।ਨਾਮਿ–ਨਾਮ ਵਿਚ।ਭਿੰਨਾ–ਭਿੱਜਿਆ ਹੈ।ਧੂੜਿ–ਚਰਨ ਧੂੜ।ਮਨੁ–ਮਨੁੱਖ (ਮ.ਕੋ.)।ਉਧਰੈ–ਮੁਕਤ ਹੋ ਜਾਂਦਾ ਹੈ।ਸੁਪ੍ਰਸਿੰਨਾ–ਬਹੁਤ ਖੁਸ਼।੭।

ਸਲੋਕ ॥ ਅਨਿਕ ਲੀਲਾ ਰਾਜ ਰਸ ਰੂਪੰ, ਛਤ੍ਰ ਚਮਰ ਤਖਤ ਆਸਨੰ ॥ ਰਚੰਤਿ ਮੂੜ ਅਗਿਆਨ ਅੰਧਹ, ਨਾਨਕ ਸੁਪਨ ਮਨੋਰਥ ਮਾਇਆ ॥੧॥ ਸੁਪਨੈ ਹਭਿ ਰੰਗ ਮਾਣਿਆ, ਮਿਠਾ ਲਗੜਾ ਮੋਹੁ ॥ ਨਾਨਕ ਨਾਮ ਵਿਹੂਣੀਆ, ਸੁੰਦਰਿ ਮਾਇਆ ਧ੍ਰੋਹੁ ॥੨॥ (ਹੇ ਭਾਈ! ਜੇ ਕੋਈ ਮਨੁੱਖ) ਅਨੇਕਾਂ ਖੇਲ ਤਮਾਸ਼ੇ ਕਰਦਾ ਹੋਵੇ, ਰਾਜ ਭਾਗ ਮਾਨਣ ਦਾ ਚਸਕਾ ਹੋਵੇ, ਸੁੰਦਰ ਰੂਪ ਹੋਵੇ, ਸਿਰ ਉਤੇ ਛਤਰ ਤੇ ਚੌਰ ਝੁਲਦਾ ਹੋਵੇ ਅਤੇ ਤਖਤ ਉਤੇ ਆਸਨ ਲਾ ਕੇ ਬੈਠਾ ਹੋਵੇ।(ਹਰੀ ਦਾ ਸਿਮਰਨ ਛਡ ਕੇ) ਮੂਰਖ ਗਿਆਨ ਹੀਣ ਅੰਨ੍ਹੇ ਮਨੁੱਖ (ਇਨ੍ਹਾਂ ਚਸਕਿਆਂ ਵਿਚ) ਰਚੇ ਰਹਿੰਦੇ ਹਨ, ਨਾਨਕ ਗੁਰੂ ਜੀ ਆਖਦੇ ਹਨ ਕਿ ਮਾਇਆ ਦੇ (ਇਹ ਸਭ) ਮਨੋਰਥ ਸੁਫਨੇ ਵਾਂਗ (ਨਾਸ਼ਵੰਤ) ਹਨ।੧।(ਜਿਵੇਂ ਕਿਸੇ ਮਨੁੱਖ ਨੇ) ਸੁਪਨੇ ਵਿਚ ਪਦਾਰਥਾਂ ਦਾ ਸਾਰਾ ਅਨੰਦ ਮਾਣਿਆ ਹੋਵੇ, (ਉਸ ਨੂੰ ਪਦਾਰਥਾਂ ਦਾ ਇਹ) ਮੋਹ ਮਿੱਠਾ ਲਗਦਾ ਹੈ (ਜਾਗ ਆਉਣ ਤੇ ਇਹ ਅਨੰਦ ਝੂਠਾ ਪ੍ਰਤੀਤ ਹੁੰਦਾ ਹੈ)।ਨਾਨਕ ਗੁਰੂ ਜੀ ਆਖਦੇ ਹਨ ਕਿ ਨਾਮ ਤੋਂ ਬਿਨਾ ਸੁੰਦਰ ਮਾਇਆ ਛਲ ਰੂਪ ਹੈ।੨। ਜਿਉ ਸੁਪਨੈ ਹੋਇ ਬੈਸਤ ਰਾਜਾ।ਨੇਤ੍ਰ ਪਸਾਰੈ ਤਾ ਨਿਰਾਰਥ ਕਾਜਾ।(੧੭੯)

ਪਉੜੀ ॥ ਸੁਪਨੈ ਸੇਤੀ ਚਿਤੁ ਮੂਰਖਿ ਲਾਇਆ ॥ ਬਿਸਰੇ ਰਾਜ ਰਸ ਭੋਗ, ਜਾਗਤ ਭਖਲਾਇਆ ॥ ਆਰਜਾ ਗਈ ਵਿਹਾਇ, ਧੰਧੈ ਧਾਇਆ ॥ ਪੂਰਨ ਭਏ ਨ ਕਾਮ, ਮੋਹਿਆ ਮਾਇਆ ॥ ਕਿਆ ਵੇਚਾਰਾ ਜੰਤੁ ,ਜਾ ਆਪਿ ਭੁਲਾਇਆ ॥੮॥ (ਹੇ ਭਾਈ!) ਮੂਰਖ ਬੰਦੇ ਨੇ ਸੁਪਨੇ (ਦੇ ਝੂਠੇ ਪਦਾਰਥਾਂ) ਨਾਲ ਚਿਤ ਲਾਇਆ ਹੋਇਆ ਹੈ।(ਜਾਗ ਆਉਣ ਤੇ ਸੁਪਨੇ ਵਿਚ ਮਾਣਿਆ) ਰਾਜ ਦਾ ਅਨੰਦ ਤੇ ਪਦਾਰਥਾਂ ਦੇ ਭੋਗ ਸਭ ਭੁੱਲ ਗਏ ਅਤੇ ਜਾਗਦਾ ਹੀ ਬਰੜਾਉਂਣ (ਬੇਥਵ੍ਹੀਆਂ ਗੱਲਾਂ ਮਾਰਨ) ਲਗ ਪਿਆ।ਕੰਮਾਂ ਧੰਧਿਆਂ ਵਿਚ ਭਟਕਦਿਆਂ ਸਾਰੀ ਉਮਰ ਬੀਤ ਗਈ ਹੈ।ਮਾਇਆ ਦਾ ਮੋਹਿਆ ਹੋਣ ਕਰਕੇ (ਇਸ ਦੇ) ਕੰਮ ਪੂਰੇ ਨਹੀਂ ਹੁੰਦੇ।(ਪਰ ਇਹ) ਵਿਚਾਰਾ ਜੀਵ ਕੀ ਕਰ ਸਕਦਾ ਹੈ? ਜਦ ਹਰੀ ਨੇ ਆਪ ਭੁਲਾਇਆ (ਇਸ ਦੇ ਕੀਤੇ ਕਰਮਾਂ ਕਰਕੇ ਕੁਰਾਹੇ ਪਾਇਆ) ਹੋਇਆ ਹੈ।੮।

ਪਦਾਰਥ = ਲੀਲਾ–ਖੇਲ ਤਮਾਸ਼ੇ।ਰਾਜ ਰਸ–ਰਾਜ ਮਾਨਣ ਦਾ ਅਨੰਦ।ਰੂਪੰ–ਸੁੰਦਰ ਰੂਪ।ਛਤ੍ਰ–ਸਿਰ ਉਤੇ ਛਤਰ।ਚਮਰ–ਚੌਰ। ਤਖਤ ਆਸਨੰ–ਰਾਜ ਸਿੰਘਾਸਨ।ਰਚੰਤਿ–ਰਚੇ (ਫਸੇ) ਹਨ।ਮੂੜ–ਮੂਰਖ।ਅਗਿਆਨ ਅੰਧਹ–ਗਿਆਨ ਹੀਣ ਅੰਨ੍ਹੇ।ਮਨੋਰਥ–ਮਨ ਦੀਆਂ ਚਾਹੀਆਂ ਚੀਜਾਂ (ਮਨ ਦੇ ਸੰਕਲਪ)।੧।ਹਭਿ ਰੰਗ–ਸਾਰਾ ਅਨੰਦ (ਮੌਜਾਂ)।ਵਿਹੂਣੀਆ–ਬਿਨਾ; ਵਾਂਝਾ।ਧ੍ਰੋਹੁ–ਧੋਖਾ; ਛਲ ਰੂਪ।੨।ਪਉੜੀ।ਸੇਤੀ–ਨਾਲ।ਮੂਰਖਿ–ਮੂਰਖ ਬੰਦੇ ਨੇ।ਬਿਸਰੇ–ਭੁੱਲ ਗਏ।ਜਾਗਤ–ਜਾਗਦਾ ਹੀ।ਭਖਲਾਇਆ–ਬਰੜਾਉਣ ਲਗ ਪਿਆ।ਆਰਜਾ–ਉਮਰ।ਵਿਹਾਇ–ਬੀਤ ਗਈ।ਧੰਧੈ–ਧੰਧਿਆਂ ਵਿਚ।ਧਾਇਆ–ਭਟਕਦਿਆਂ।ਭਏ ਨ–ਨਹੀਂ ਹੁੰਦੇ।ਕਾਮ–ਕੰਮ। ਮੋਹਿਆ–ਫਸਿਆ ਹੋਇਆ ਹੈ।ਵੇਚਾਰਾ ਜੰਤੁ–ਤੁੱਛ ਜਿਹਾ ਜੀਵ।ਜਾ–ਜਦ।੮।

ਸਲੋਕ ॥ ਬਸੰਤਿ ਸ੍ਵਰਗ ਲੋਕਹ, ਜਿਤਤੇ ਪ੍ਰਿਥਵੀ ਨਵ ਖੰਡਣਹ ॥ ਬਿਸਰੰਤ ਹਰਿ ਗੋਪਾਲਹ ਨਾਨਕ, ਤੇ ਪ੍ਰਾਣੀ ਉਦਿਆਨ ਭਰਮਣਹ ॥੧॥ ਕਉਤਕ ਕੋਡ ਤਮਾਸਿਆ, ਚਿਤਿ ਨ ਆਵਸੁ ਨਾਉ ॥ ਨਾਨਕ ਕੋੜੀ ਨਰਕ ਬਰਾਬਰੇ, ਉਜੜੁ ਸੋਈ ਥਾਉ ॥੨॥ (ਹੇ ਭਾਈ! ਭਾਵੇਂ ਲੋਕ) ਸਵੱਰਗ ਵਰਗੇ ਦੇਸ਼ਾਂ ਵਿਚ ਵਸਦੇ ਹੋਣ ਅਤੇ ਨੌਂ ਖੰਡ ਸਾਰੀ ਪ੍ਰਿਥਵੀ ਨੂੰ ਜਿਤ ਲੈਣ।ਨਾਨਕ ਗੁਰੂ ਜੀ ਆਖਦੇ ਹਨ (ਕਿ ਜੇ ਉਹ) ਸ੍ਰਿਸਟੀ ਦੇ ਪਾਲਣ ਵਾਲੇ ਹਰੀ ਨੂੰ ਭੁੱਲ ਜਾਣ, (ਤਾਂ ਸਮਝੋ) ਉਹ ਮਨੁੱਖ ਉਜਾੜ ਵਿਚ ਭਟਕ ਰਹੇ ਹਨ।੧।ਕ੍ਰੋੜਾਂ ਖੇਲ ਤਮਾਸ਼ਿਆਂ ਕਰਕੇ (ਜਿਸ ਮੌਜ ਮੇਲਾ ਕਰਨ ਵਾਲੇ ਮਨੁੱਖ ਨੂੰ) ਹਰੀ ਦਾ ਨਾਮ ਚੇਤੇ ਨਹੀਂ ਆਉਂਦਾ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿੱਥੇ ਉਹ ਰਹਿੰਦਾ ਹੈ, ਸਮਝੋ) ਉਹ ਥਾਂ ਉਜਾੜ ਹੈ ਅਤੇ ਕ੍ਰੋੜਾਂ ਨਰਕਾਂ ਦੇ ਬਰਾਬਰ ਹੈ।੨।

ਪਉੜੀ ॥ ਮਹਾ ਭਇਆਨ ਉਦਿਆਨ, ਨਗਰ ਕਰਿ ਮਾਨਿਆ ॥ ਝੂਠ ਸਮਗ੍ਰੀ ਪੇਖਿ, ਸਚੁ ਕਰਿ ਜਾਨਿਆ ॥ ਕਾਮ ਕ੍ਰੋਧਿ ਅਹੰਕਾਰਿ ,ਫਿਰਹਿ ਦੇਵਾਨਿਆ ॥ (ਹੇ ਭਾਈ! ਇਹ ਸੰਸਾਰ ਮਾਨੋ) ਬਹੁਤ ਭਿਆਨਕ ਜੰਗਲ ਹੈ, (ਜਿਸ ਨੂੰ ਲੋਕਾਂ ਨੇ ਰੌਣਕ ਵਾਲਾ) ਸ਼ਹਿਰ ਕਰਕੇ ਮੰਨਿਆ ਹੋਇਆ ਹੈ।ਝੂਠੀ ਸਮੱਗਰੀ ਦੇਖ ਕੇ (ਉਸ ਨੂੰ ਲੋਕਾਂ ਨੇ) ਸੱਚ ਕਰਕੇ ਜਾਣਿਆ ਹੋਇਆ ਹੈ।(ਲੋਕ) ਕਾਮ, ਕ੍ਰੋਧ ਅਤੇ ਹੰਕਾਰ ਵਿਚ ਪਾਗਲ ਹੋਏ ਫਿਰਦੇ ਹਨ।

ਅੰਗ ੭੦੮ = ਸਿਰਿ ਲਗਾ ਜਮ ਡੰਡੁ ,ਤਾ ਪਛੁਤਾਨਿਆ ॥ ਬਿਨੁ ਪੂਰੇ ਗੁਰਦੇਵ, ਫਿਰੈ ਸੈਤਾਨਿਆ ॥੯॥ (ਜਦੋਂ ਮਨੁੱਖ ਦੇ) ਸਿਰ ਉਤੇ ਜਮਾਂ ਦਾ ਡੰਡਾ ਲੱਗਿਆ, ਤਾਂ ਪਛਤਾਉਂਦਾ ਹੈ।ਪੂਰੇ ਗੁਰੂ ਤੋਂ ਬਿਨਾ (ਮਨੁੱਖ) ਸ਼ੈਤਾਨ ਹੋਇਆ ਫਿਰਦਾ ਹੈ।੯।

ਪਦਾਰਥ = ਬਸੰਤਿ–ਵਸਦੇ ਹੋਣ।ਸ੍ਵਰਗ ਲੋਕਹ–ਸਵੱਰਗ ਵਰਗੇ ਦੇਸ਼ਾਂ ਵਿਚ।ਜਿਤਤੇ–ਜਿੱਤ ਲੈਣ।ਪ੍ਰਿਥਵੀ ਨਵ ਖੰਡਣਹ–ਨੌਂ ਖੰਡਾਂ ਵਾਲੀ ਧਰਤੀ ਨੂੰ।ਬਿਸਰੰਤ–ਭੁੱਲ ਜਾਣ।ਗੋਪਾਲਹ–ਪ੍ਰਿਥਵੀ ਦੇ ਪਾਲਣ ਵਾਲੇ ਹਰੀ ਨੂੰ।ਤੇ–ਉਹ (ਮਨੁੱਖ)।ਉਦਿਆਨ–ਉਜਾੜ ਵਿਚ ;ਜੰਗਲ ਵਿਚ।ਭਰਮਣਹ–ਭਟਕ ਰਹੇ ਹਨ।੧।ਕਉਤਕ–ਖੇਲ।ਕੋਡ–ਕ੍ਰੋੜਾਂ।ਚਿਤਿ–ਚਿਤ ਵਿਚ; ਚੇਤੇ।ਨ ਆਵਸੁ–ਨਹੀਂ ਆਉਂਦਾ ।ਕੋੜੀ–ਕ੍ਰੋੜਾਂ; ਕੋਹੜੀ।ਸੋਈ–ਉਹ।੨।ਪਉੜੀ।ਮਹਾ ਭਇਆਨ–ਬਹੁਤ ਡਰਾਉਣਾ।ਨਗਰ–ਸ਼ਹਿਰ।ਮਾਨਿਆ–ਮੰਨਿਆ ਹੋਇਆ

ਹੈ। ਸਮਗਰੀ–ਪਦਾਰਥ। ਪੇਖਿ–ਦੇਖ ਕੇ। ਫਿਰਹਿ–ਫਿਰਦੇ ਹਨ। ਦੇਵਾਨਿਆ–ਪਾਗਲ। ਸਿਰਿ–ਸਿਰ ਉਤੇ। ਤਾ–ਤਾਂ; ਤਦ। ਗੁਰੁਦੇਵ–ਗੁਰੂ ਦੀ ਸ਼ਰਣ ਵਿਚ ਪਏ ਤੋਂ ਬਿਨਾ। ਸੈਤਾਨਿਆ–ਸ਼ੈਤਾਨ (ਚੰਚਲ; ਆਪ ਹੁਦਰਾ; ਬੇ ਅਸੂਲਾ)।੯।

ਸਲੋਕ ॥ ਰਾਜ ਕਪਟੰ ਰੂਪ ਕਪਟੰ, ਧਨ ਕਪਟੰ ਕੁਲ ਗਰਬਤਹ ॥ ਸੰਚੰਤਿ ਬਿਖਿਆ ਛਲੰ ਛਿਦ੍ਰੰ ,ਨਾਨਕ ਬਿਨੁ ਹਰਿ ਸੰਗਿ ਨ ਚਾਲਤੇ ॥੧॥ ਪੇਖੰਦੜੋ ਕੀ ਭੁਲੁ ,ਤੁੰਮਾ ਦਿਸਮੁ ਸੋਹਣਾ ॥ ਅਢੁ ਨ ਲਹੰਦੜੋ ਮੁਲੁ ,ਨਾਨਕ ਸਾਥਿ ਨ ਜੁਲਈ ਮਾਇਆ ॥੨॥ (ਹੇ ਭਾਈ!) ਰਾਜ ਛਲ ਰੂਪ ਹੈ, ਸੁੰਦਰਤਾ ਛਲ ਰੂਪ ਹੈ ਅਤੇ ਧਨ ਤੇ ਕੁਲ ਦਾ ਹੰਕਾਰ ਵੀ ਛਲ ਰੂਪ ਹੈ (ਰਾਜ, ਰੂਪ ਦੀ ਸੁੰਦਰਤਾ ਤੇ ਧਨ ਸਦਾ ਨਹੀਂ ਰਹਿੰਦੇ)। ਨਾਨਕ ਗੁਰੂ ਜੀ ਆਖਦੇ ਹਨ ਕਿ ਲੋਕ ਧੋਖੇ ਤੇ ਪਾਪਾਂ ਨਾਲ; ਹੋਰਨਾਂ ਤੇ ਦੋਸ਼ ਲਗਾ ਕੇ ਧੋਖੇ ਨਾਲ ਜਹਿਰ ਰੂਪ ਮਾਇਆ ਇਕੱਠੀ ਕਰਦੇ ਹਨ, (ਪਰ ਅੰਤ ਸਮੇਂ) ਹਰੀ ਤੋਂ ਬਿਨਾ (ਇਹ ਸਭ ਪਦਾਰਥ ਮਨੁੱਖ ਦੇ) ਨਾਲ ਨਹੀਂ ਜਾਂਦੇ।੧।(ਹੇ ਭਾਈ!) ਦੇਖਣ ਵਾਲੇ ਮਨੁੱਖ ਦੀ ਭੁੱਲ ਹੈ, ਜਿਵੇਂ ਤੁੰਮਾ ਦੇਖਣ ਨੂੰ ਸੋਹਣਾ ਲਗਦਾ ਹੈ।(ਪਰ ਤੁੰਮਾ ਕੌੜਾ ਹੋਣ ਕਰਕੇ ਇਸ ਦਾ) ਇਕ ਕੌਡੀ ਮੁੱਲ ਵੀ ਪ੍ਰਾਪਤ ਨਹੀਂ ਹੁੰਦਾ, (ਦੂਜਾ ਅਰਥ) ਤੁੰਮਾ ਦੇਖਣ ਨੂੰ ਮੈਨੂੰ ਸੋਹਣਾ ਦਿਸਦਾ ਹੈ, (ਪਰ ਇਸ ਨੂੰ) ਦੇਖ ਕੇ ਗਲਤੀ ਕਿਉਂ ਲੱਗੀ? (ਉਸ ਦਾ) ਮੁੱਲ ਕੋਈ ਕੌਡੀ ਵੀ ਨਹੀਂ ਪਾਉਂਦਾ, ਨਾਨਕ ਗੁਰੂ ਜੀ ਆਖਦੇ ਹਨ (ਕਿ (ਇਸੇ ਤਰ੍ਹਾਂ ਭਾਵੇਂ) ਮਾਇਆ ਸੋਹਣੀ ਦਿਸਦੀ ਹੈ, (ਪਰ ਤੁੰਮੇ ਵਾਂਗ ਕੌੜੀ, ਦੁਖਦਾਈ ਹੈ, ਅੰਤ ਸਮੇਂ ਇਹ ਜੀਵ ਦੇ) ਨਾਲ ਨਹੀਂ ਜਾਂਦੀ।੨।

ਪਉੜੀ ॥ ਚਲਦਿਆ ਨ ਨਾਲਿ ਨ ਚਲੈ, ਸੋ ਕਿਉ ਸੰਜੀਐ ॥ ਤਿਸ ਕਾ ਕਹੁ ਕਿਆ ਜਤਨੁ ,ਜਿਸ ਤੇ ਵੰਜੀਐ ॥ ਹਰਿ ਬਿਸਰਿਐ ਕਿਉ ਤ੍ਰਿਪਤਾਵੈ, ਨਾ ਮਨੁ ਰੰਜੀਐ ॥ ਪ੍ਰਭੂ ਛੋਡਿ ਅਨ ਲਾਗੈ, ਨਰਕਿ ਸਮੰਜੀਐ ॥ ਹੋਹੁ ਕ੍ਰਿਪਾਲ ਦਇਆਲ, ਨਾਨਕ ਭਉ ਭੰਜੀਐ ॥੧੦॥ (ਹੇ ਭਾਈ! ਜਿਹੜੀ ਮਾਇਆ ਅੰਤ ਸਮੇਂ ਪ੍ਰਲੋਕ ਨੂੰ) ਚਲਦਿਆਂ ਸਮੇਂ ਨਾਲ ਨਹੀਂ ਚਲਦੀ, ਉਹ ਇਕੱਠੀ ਕਿਉਂ ਕਰੀਏ? ਜਿਸ ਮਾਇਆ ਤੋਂ ਵਿਛੜ ਜਾਣਾ ਹੈ, ਦੱਸੋ, ਉਸ ਦੀ ਪ੍ਰਾਪਤੀ ਦਾ ਜਤਨ ਕੀ ਕਰਨਾ ਹੈ? (ਜਤਨ ਕਰਨ ਦਾ ਕੋਈ ਲਾਭ ਨਹੀਂ)। ਹਰੀ ਨੂੰ ਭੁੱਲ ਜਾਣ ਨਾਲ ਮਨ ਕਿਵੇਂ ਰੱਜ ਸਕਦਾ ਹੈ? (ਨਹੀਂ ਰੱਜਦਾ) ਨਾ ਹੀ ਮਨ ਖੁਸ਼ ਹੁੰਦਾ ਹੈ।(ਜਿਹੜਾ ਮਨੁੱਖ) ਪ੍ਰਭੂ ਨੂੰ ਛਡ ਕੇ ਹੋਰ ਪਾਸੇ ਲੱਗਦਾ ਹੈ, ਉਹ ਨਰਕ ਵਿਚ ਸਮਾਉਂਦਾ ਹੈ। ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ (ਹੇ ਪ੍ਰਭੂ! ਸਾਡੇ ਸਭ ਜੀਵਾਂ ਉਤੇ) ਕ੍ਰਿਪਾਲੂ ਤੇ ਦਿਆਲੂ ਹੋਵੋ ਅਤੇ (ਸਾਡਾ ਮੌਤ ਦਾ) ਡਰ ਦੂਰ ਕਰ ਦਿਓ।੧੦।

ਪਦਾਰਥ = ਰਾਜ–ਹਕੂਮਤ। ਕਪਟੰ–ਛਲ ਰੂਪ। ਰੂਪ–ਸੁੰਦਰ ਰੂਪ। ਕੁਲ–ਖਾਨਦਾਨ। ਗਰਬਤਹ–ਹੰਕਾਰ। ਸੰਚੰਤਿ–ਇਕੱਠੀ ਕਰਦੇ ਹਨ। ਬਿਖਿਆ–ਜਹਿਰ ਰੂਪ ਮਾਇਆ। ਛਲੰ ਛਿਦ੍ਰੰ–ਧੋਖੇਬਾਜੀ ਨਾਲ; ਧੋਖੇ ਤੇ ਪਾਪਾਂ ਨਾਲ; ਦੋਸ਼ ਲਾ ਕੇ ਧੋਖੇ ਨਾਲ। ਸੰਗਿ–ਨਾਲ। ਨ ਜੁਲਈ–ਨਾਲ ਨਹੀਂ ਜਾਂਦੇ।੧। ਪੇਖੰਦੜੋ–ਦੇਖਣ ਵਾਲਾ; ਦੇਖ ਕੇ। ਕੀ–ਦੀ; ਕਿਉਂ। ਤੁੰਮਾ–ਕੌੜ ਤੂੰਬਾ। ਦਿਸਮੁ–ਦੇਖਣ ਨੂੰ; ਦਿਸਦਾ ਹੈ। ਅਢੁ–ਕੌਡੀ। ਲਹੰਦੜੋ–ਪ੍ਰਾਪਤ ਹੁੰਦਾ; ਲੱਭਦਾ। ਸਾਥਿ–ਨਾਲ। ਨ ਜੁਲਈ–ਨਹੀਂ ਜਾਂਦੀ।੨। ਪਉੜੀ। ਸੋ–ਉਹ। ਸੰਜੀਐ–ਇਕੱਠੀ ਕਰੀਏ। ਤਿਸ ਕਾ–ਉਸ (ਮਾਇਆ ਦੀ ਪ੍ਰਾਪਤੀ) ਦਾ। ਕਹੁ–ਦੱਸੋ। ਤੇ–ਤੋਂ। ਵੰਜੀਐ–ਵਿਛੜ ਜਾਈਏ; ਵਾਂਝੇ ਹੋ ਜਾਈਏ। ਤ੍ਰਿਪਤਾਵੈ–ਰੱਜ ਸਕਦਾ ਹੈ। ਰੰਜੀਐ–ਖੁਸ਼ ਹੁੰਦਾ ਹੈ। ਅਨ–ਹੋਰ (ਪਾਸੇ)। ਸਮੰਜੀਐ–ਸਮਾਉਂਦਾ ਹੈ। ਹੋਹੁ–ਹੋਵੋ। ਭੰਜੀਐ–ਦੂਰ ਕਰੋ।੧੦।

ਸਲੋਕ ॥ ਨਚ ਰਾਜ ਸੁਖ ਮਿਸਟੰ, ਨਚ ਭੋਗ ਰਸ ਮਿਸਟੰ, ਨਚ ਮਿਸਟੰ ਸੁਖ ਮਾਇਆ ॥ ਮਿਸਟੰ ਸਾਧ ਸੰਗਿ ਹਰਿ ਨਾਨਕ, ਦਾਸ ਮਿਸਟੰ ਪ੍ਰਭ ਦਰਸਨੰ ॥੧॥ ਲਗੜਾ ਸੋ ਨੇਹੁ ,ਮੰਨ ਮਝਾਹੂ ਰਤਿਆ ॥ ਵਿਧੜੋ ਸਚ ਥੋਕਿ, ਨਾਨਕ ਮਿਠੜਾ ਸੋ ਧਣੀ ॥੨॥ (ਹੇ ਭਾਈ!) ਰਾਜ ਦੇ ਸੁਖ ਮਿੱਠੇ ਨਹੀਂ ਹਨ, ਭੋਗਾਂ ਦੇ ਰਸ ਵੀ ਮਿੱਠੇ ਨਹੀਂ ਹਨ ਅਤੇ ਮਾਇਆ ਦੇ ਸੁਖ ਵੀ ਮਿੱਠੇ ਨਹੀਂ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਸਾਧ ਸੰਗਤ ਵਿਚੋਂ ਮਿਲਿਆ ਹਰੀ ਦਾ ਨਾਮ ਮਿੱਠਾ ਹੈ ਅਤੇ ਦਾਸਾਂ ਨੂੰ ਪ੍ਰਭੂ ਦਾ ਦਰਸ਼ਨ ਮਿੱਠਾ ਲਗਦਾ ਹੈ ।੧।(ਮੈਨੂੰ ਹਰੀ ਦਾ) ਉਹ ਪ੍ਰੇਮ ਲੱਗਾ ਹੈ, (ਜਿਸ ਨਾਲ) ਮਨ ਅੰਦਰੋਂ ਰੰਗਿਆ ਗਿਆ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਪ੍ਰਭੂ ਦੇ ਨਾਮ ਰੂਪ) ਪਦਾਰਥ ਨਾਲ (ਮੇਰਾ) ਮਨ ਵਿੰਨ੍ਹਿਆ ਗਿਆ ਹੈ ਤੇ ਉਹ ਮਾਲਕ ਪ੍ਰਭੂ (ਮੈਨੂੰ) ਮਿੱਠਾ ਲੱਗਣ ਲਗ ਪਿਆ ਹੈ।੨।

ਪਉੜੀ ॥ ਹਰਿ ਬਿਨੁ ਕਛੂ ਨ ਲਾਗਈ, ਭਗਤਨ ਕਉ ਮੀਠਾ ॥ ਆਨ ਸੁਆਦ ਸਭਿ ਫੀਕਿਆ, ਕਰਿ ਨਿਰਨਉ ਡੀਠਾ ॥ ਅਗਿਆਨੁ ਭਰਮੁ ਦੁਖੁ ਕਟਿਆ, ਗੁਰ ਭਏ ਬਸੀਠਾ ॥ ਚਰਨ ਕਮਲ ਮਨੁ ਬੇਧਿਆ, ਜਿਉ ਰੰਗੁ ਮਜੀਠਾ ॥ ਜੀਉ ਪ੍ਰਾਣ ਤਨੁ ਮਨੁ ਪ੍ਰਭੂ ,ਬਿਨਸੈ ਸਭਿ ਝੂਠਾ ॥੧੧॥ (ਹੇ ਭਾਈ! ਹਰੀ ਦੇ) ਭਗਤਾਂ ਨੂੰ ਹਰੀ ਦੇ ਨਾਮ ਤੋਂ ਬਿਨਾ ਹੋਰ ਕੁਛ ਮਿੱਠਾ ਨਹੀਂ ਲਗਦਾ।(ਉਨ੍ਹਾਂ ਨੇ) ਨਿਰਣਾ ਕਰਕੇ ਦੇਖ ਲਿਆ ਹੈ ਕਿ (ਹਰੀ ਦੇ ਨਾਮ ਤੋਂ ਬਿਨਾ) ਹੋਰ ਸੁਆਦ ਸਭ ਫਿੱਕੇ (ਬੇ ਰਸੇ) ਹਨ। ਗੁਰੂ ਜੀ (ਉਨ੍ਹਾਂ ਭਗਤਾਂ ਦੇ) ਵਿਚੋਲੇ ਹੋਏ ਹਨ, (ਜਿਸ ਕਰਕੇ ਉਨ੍ਹਾਂ ਦਾ) ਅਗਿਆਨ ਤੇ ਭਰਮ ਆਦਿ ਦਾ ਦੁਖ ਕੱਟਿਆ ਗਿਆ ਹੈ।(ਉਨ੍ਹਾਂ ਦਾ) ਮਨ ਹਰੀ ਦੇ ਚਰਨ ਕਮਲਾਂ ਨਾਲ ਪ੍ਰੋਇਆ ਗਿਆ ਹੈ (ਪ੍ਰੇਮ ਦਾ ਪੱਕਾ ਰੰਗ ਚੜ੍ਹਿਆ ਹੈ), ਜਿਵੇਂ ਮਜੀਠ ਦਾ ਰੰਗ ਹੁੰਦਾ ਹੈ। ਪ੍ਰਭੂ ਹੀ (ਉਨ੍ਹਾਂ ਲਈ) ਜਿੰਦ, ਪ੍ਰਾਣ, ਤਨ ਤੇ ਮਨ ਹੈ, ਹੋਰ ਸਭ ਪ੍ਰੇਮ ਨਾਸ਼ ਹੋ ਗਏ ਹਨ।੧੧।

ਪਦਾਰਥ = ਨਚ–ਨਹੀਂ ਹੈ। ਮਿਸਟੰ–ਮਿੱਠਾ। ਰਸ–ਸੁਆਦ। ਸਾਧ ਸੰਗਿ–ਸਾਧ ਸੰਗਤ ਵਿਚ। ਦਾਸ–ਸੇਵਕ।੧। ਲਗੜਾ–ਲੱਗਾ ਹੈ। ਸੋ –ਉਹ। ਨੇਹੁ–ਪ੍ਰੇਮ। ਮੰਨ ਮਝਾਹੂ–ਮਨ ਨੂੰ ਅੰਦਰੋਂ। ਰਤਿਆ–ਰੰਗਿਆ ਗਿਆ ਹੈ। ਵਿਧੜੋ–ਵਿੰਨ੍ਹ ਦਿਤਾ ਹੈ। ਥੋਕਿ–ਪਦਾਰਥ ਨੇ। ਧਣੀ

-ਮਾਲਕ ਪ੍ਰਭੂ।੨।ਪਉੜੀ।ਭਗਤਨ ਕਉ-ਭਗਤਾਂ ਨੂੰ।ਮੀਠਾ-ਮਿੱਠਾ; ਪਿਆਰਾ।ਆਨ-ਹੋਰ।ਫੀਕਿਆ-ਫਿੱਕੇ।ਕਰਿ ਨਿਰਨਉ-ਨਿਰਣਾ ਕਰਕੇ।ਡੀਠਾ-ਦੇਖਿਆ।ਭਏ ਬਸੀਠਾ-ਵਿਚੋਲੇ ਹੋਏ (ਬਣੇ) ਹਨ।ਬੇਧਿਆ-ਵਿਨ੍ਹਿਆ ਗਿਆ; ਪ੍ਰੋਇਆ ਗਿਆ।ਜੀਉ-ਜਿੰਦ; ਜੀਵਨ।ਬਿਨਸੇ-ਨਾਸ਼ ਹੋ ਗਏ ਹਨ।੧੧।

ਸਲੋਕ ॥ ਤਿਅਕਤ ਜਲੰ ਨਹ ਜੀਵ ਮੀਨੰ, ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ ॥ ਬਾਣ ਬੇਧੰਚ ਕੁਰੰਕ ਨਾਦੰ, ਅਲਿ ਬੰਧਨ ਕੁਸਮ ਬਾਸਨਹ ॥ ਚਰਨ ਕਮਲ ਰਚੰਤਿ ਸੰਤਹ, ਨਾਨਕ ਆਨ ਨ ਰੁਚਤੇ ॥੧॥ ਮੁਖੁ ਡੇਖਾਊ ਪਲਕ, ਛਡਿ ਆਨ ਨ ਡੇਊ ਚਿਤੁ ॥ ਜੀਵਣ ਸੰਗਮੁ ਤਿਸੁ ਧਣੀ, ਹਰਿ ਨਾਨਕ ਸੰਤਾਂ ਮਿਤੁ ॥੨॥ (ਹੇ ਭਾਈ! ਜਿਵੇਂ) ਮੱਛੀ ਪਾਣੀ ਨੂੰ ਛਡ ਕੇ ਜਿਉਂਦੀ ਨਹੀਂ ਰਹਿ ਸਕਦੀ ਅਤੇ ਪਪੀਹਾ ਬੱਦਲਾਂ ਦੇ ਇਲਾਕੇ ਨੂੰ ਨਹੀਂ ਛਡ ਸਕਦਾ।ਹਿਰਣ ਘੰਟੇ ਦੀ ਅਵਾਜ ਵਿਚ ਮਸਤ ਹੋਇਆ (ਸ਼ਿਕਾਰੀ ਦੇ) ਤੀਰਾਂ ਨਾਲ ਵਿਨ੍ਹਿਆਂ ਜਾਂਦਾ ਹੈ ਅਤੇ ਭੌਰਾ ਫੁੱਲ ਦੀ ਖੁਸ਼ਬੋ ਲੈਂਦਾ ਹੋਇਆ (ਫੁੱਲ ਦੇ ਵਿਚ ਹੀ) ਬੱਝ ਜਾਂਦਾ ਹੈ।(ਇਸੇ ਤਰ੍ਹਾਂ) ਸੰਤ ਹਰੀ ਦੇ ਚਰਨ ਕਮਲਾਂ ਵਿਚ ਲੀਨ ਰਹਿੰਦੇ ਹਨ, ਨਾਨਕ ਗੁਰੂ ਜੀ ਆਖਦੇ ਹਨ ਕਿ (ਉਨ੍ਹਾਂ ਨੂੰ ਹਰੀ ਤੋਂ ਬਿਨਾ ਕਿਸੇ) ਹੋਰ ਦਾ ਪ੍ਰੇਮ ਚੰਗਾ ਨਹੀਂ ਲਗਦਾ।੧।ਜੇ ਮੈਂ ਇਕ ਪਲ ਜਿੰਨੇ ਸਮੇਂ ਲਈ ਵੀ ਪ੍ਰਭੂ ਦਾ ਮੁਖ ਦੇਖ ਲਵਾਂ, (ਤਾਂ ਉਸ ਨੂੰ) ਛਡ ਕੇ ਹੋਰ ਕਿਸੇ ਵੱਲ ਚਿਤ ਨਾ ਦੇਵਾਂ।ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਮਾਲਕ ਹਰੀ ਦਾ ਮਿਲਾਪ ਹੀ ਮੇਰਾ ਜੀਵਨ ਹੈ, ਜੋ ਸੰਤਾਂ ਦਾ ਮਿਤ੍ਰ ਹੈ।੨।

ਪਉੜੀ ॥ ਜਿਉ ਮਛੁਲੀ ਬਿਨੁ ਪਾਣੀਐ, ਕਿਉ ਜੀਵਣੁ ਪਾਵੈ ॥ ਬੂੰਦ ਵਿਹੂਣਾ ਚਾਤ੍ਰਿਕੋ, ਕਿਉ ਕਰਿ ਤ੍ਰਿਪਤਾਵੈ ॥ ਨਾਦ ਕੁਰੰਕਹਿ ਬੇਧਿਆ, ਸਨਮੁਖ ਉਠਿ ਧਾਵੈ ॥ ਭਵਰੁ ਲੋਭੀ ਕੁਸਮ ਬਾਸੁ ਕਾ, ਮਿਲਿ ਆਪੁ ਬੰਧਾਵੈ ॥ ਤਿਉ ਸੰਤ ਜਨਾ ਹਰਿ ਪ੍ਰੀਤਿ ਹੈ, ਦੇਖਿ ਦਰਸੁ ਅਘਾਵੈ ॥੧੨॥ (ਹੇ ਭਾਈ!) ਜਿਵੇਂ ਮੱਛੀ ਪਾਣੀ ਤੋਂ ਬਿਨਾ ਕਿਵੇਂ ਜੀਵਨ ਪਾ ਸਕਦੀ ਹੈ (ਜਿਉਂਦੀ ਨਹੀਂ ਰਹਿ ਸਕਦੀ)।ਜਿਵੇਂ ਸ੍ਵਾਂਤੀ ਬੂੰਦ ਤੋਂ ਬਿਨਾ ਪਪੀਹਾ ਕਿਵੇਂ ਰੱਜ ਸਕਦਾ ਹੈ? ਜਿਵੇਂ ਘੰਟੇ ਦੀ ਅਵਾਜ ਵਿਚ ਮਗਨ ਹਿਰਣ ਸ਼ਿਕਾਰੀ ਦੇ ਸਾਮ੍ਹਣੇ ਉਠ ਦੌੜਦਾ ਹੈ ਤੇ ਤੀਰਾਂ ਨਾਲ ਵਿੰਨ੍ਹਿਆ ਜਾਂਦਾ ਹੈ।ਜਿਵੇਂ ਫੁੱਲਾਂ ਦੀ ਸੁਗੰਧੀ ਦਾ ਲੋਭੀ ਭੌਰਾ ਫੁੱਲ ਵਿਚ ਮਿਲ ਕੇ ਆਪਣੇ ਆਪ ਨੂੰ ਬਨ੍ਹਾ ਲੈਂਦਾ ਹੈ।ਤਿਵੇਂ ਸੰਤ ਜਨਾਂ ਦੀ ਹਰੀ ਨਾਲ ਪ੍ਰੀਤ ਹੈ, (ਉਹ ਹਰੀ ਦੇ) ਦਰਸ਼ਨ ਦੇਖ ਕੇ ਰੱਜ ਜਾਂਦੇ (ਖੁਸ਼ ਹੁੰਦੇ) ਹਨ।੧੨।

ਪਦਾਰਥ = ਤਿਅਕਤ-ਤਿਆਗ ਕੇ।ਜਲੰ-ਪਾਣੀ।ਨਹ ਜੀਵ-ਜਿਉਂਦੀ ਨਹੀਂ ਰਹਿੰਦੀ।ਮੀਨੰ-ਮੱਛੀ।ਮੇਘ ਮੰਡਲਹ-ਬੱਦਲਾਂ ਦੀ ਘਟਾਂ ਨੂੰ।ਚਾਤ੍ਰਿਕ-ਪਪੀਹਾ।ਬਾਣ-ਤੀਰ।ਬੇਧੰਚ-ਵਿਨ੍ਹਿਆ (ਪ੍ਰੋਇਆ) ਜਾਂਦਾ ਹੈ।ਕੁਰੰਕ-ਹਿਰਣ।ਨਾਦੰ-ਘੰਟੇ ਦੀ ਅਵਾਜ।ਅਲਿ-ਭੌਰਾ।ਕੁਸਮ-ਫੁੱਲ।ਬਾਸਨਹ-ਖੁਸ਼ਬੋ।ਰਚੰਤਿ-ਰਚੇ (ਲੀਨ) ਰਹਿੰਦੇ ਹਨ।ਆਨ-ਹੋਰ।ਨ ਰੁਚਤੇ-ਚੰਗਾ ਨਹੀਂ ਲਗਦਾ।੧।ਡੇਖਾਊ-ਮੈਂ ਦੇਖ ਲਵਾਂ।ਪਲਕ-ਅੱਖ ਝਮਕਣ ਜਿੰਨੇ ਸਮੇਂ ਲਈ।ਨ ਡੇਊ-ਨਾ ਦੇਵਾਂ।ਸੰਗਮੁ-ਮਿਲਾਪ।ਧਣੀ-ਮਾਲਕ ਪ੍ਰਭੂ।ਮਿਤੁ-ਮਿਤ੍ਰ।੨।ਪਉੜੀ।ਬੂੰਦ-ਸ੍ਵਾਂਤੀ ਬੂੰਦ।ਵਿਹੂਣਾ-ਬਿਨਾ।ਤ੍ਰਿਪਤਾਵੈ-ਰੱਜ (ਸ਼ਾਂਤ ਹੋ) ਸਕਦਾ ਹੈ।ਨਾਦ-ਘੰਟੇ ਦੀ ਅਵਾਜ।ਕੁਰੰਕਹਿ-ਹਿਰਣ।ਬੇਧਿਆ-ਵਿੰਨ੍ਹਿਆ (ਲੀਨ) ਹੋਇਆ।ਸਨਮੁਖ-ਸਾਮ੍ਹਣੇ।ਧਾਵੈ-ਦੌੜਦਾ ਹੈ।ਭਵਰੁ-ਭੌਰਾ।ਬਾਸੁ ਕਾ-ਸੁਗੰਧੀ ਦਾ।ਆਪੁ-ਅਪਣੇ ਆਪ ਨੂੰ।ਬੰਧਾਵੈ-ਬਨ੍ਹਾ ਲੈਂਦਾ ਹੈ।ਦੇਖਿ-ਦੇਖ ਕੇ।ਅਘਾਵੈ-ਰੱਜਦੇ (ਖੁਸ਼ ਹੁੰਦੇ) ਹਨ।੧੨।

ਸਲੋਕ ॥ ਚਿਤਵੰਤਿ ਚਰਨ ਕਮਲੰ, ਸਾਸਿ ਸਾਸਿ ਅਰਾਧਨਹ ॥ ਨਹ ਬਿਸਰੰਤਿ ਨਾਮ ਅਚੁਤ, ਨਾਨਕ ਆਸ ਪੂਰਨ ਪਰਮੇਸੁਰਹ ॥੧॥ ਸੀਤੜਾ ਮੰਨ ਮੰਝਾਹਿ, ਪਲਕ ਨ ਥੀਵੈ ਬਾਹਰਾ ॥ ਨਾਨਕ ਆਸੜੀ ਨਿਬਾਹਿ, ਸਦਾ ਪੇਖੰਦੋ ਸਚੁ ਧਣੀ ॥੨॥ (ਹੇ ਭਾਈ! ਸੰਤ) ਪ੍ਰਭੂ ਦੇ ਚਰਨ ਕਮਲਾਂ ਦਾ ਧਿਆਨ ਕਰਦੇ ਹਨ ਅਤੇ ਸੁਆਸ ਸੁਆਸ (ਉਸ ਦਾ) ਸਿਮਰਨ ਕਰਦੇ ਹਨ।(ਉਹ) ਨਾਸ਼ ਰਹਿਤ ਪ੍ਰਭੂ ਦਾ ਨਾਮ ਕਦੇ ਨਹੀਂ ਭੁਲਦੇ, ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਮੇਸਰ ਉਨ੍ਹਾਂ ਦੀਆਂ ਆਸਾਂ ਪੂਰੀਆਂ ਕਰਦਾ ਹੈ।੧।(ਹਰੀ ਸੰਤਾਂ ਦੇ) ਮਨ ਵਿਚ ਸਿਉਂਤਾ ਹੋਇਆ ਹੈ, ਇਕ ਪਲ ਜਿੰਨਾ ਸਮਾਂ ਵੀ (ਸੰਤਾਂ ਦਾ ਮਨ ਹਰੀ ਤੋਂ) ਬਾਹਰ ਨਹੀਂ ਹੁੰਦਾ।ਨਾਨਕ ਗੁਰੂ ਜੀ ਆਖਦੇ ਹਨ ਕਿ ਸੱਚਾ ਮਾਲਕ (ਉਨ੍ਹਾਂ ਦੀਆਂ) ਆਸਾਂ ਪੂਰੀਆਂ ਕਰਦਾ ਹੈ ਅਤੇ ਸਦਾ ਦੇਖਦਾ ਰਹਿੰਦਾ (ਸੰਭਾਲਦਾ) ਹੈ।੨।

ਮੇਰਾ ਮਨ ਹਰੀ ਦੇ ਸਿਮਰਨ ਵਿਚ ਸਿਉਂਤਾ ਹੋਇਆ ਹੈ, ਇਕ ਪਲ ਭਰ ਵੀ (ਮਨ) ਹਰੀ ਤੋਂ ਵੱਖਰਾ ਨਹੀਂ ਹੁੰਦਾ।ਹੇ ਸੱਚੇ ਮਾਲਕ! ਮੈਂ ਤੈਨੂੰ ਸਦਾ ਦੇਖਦਾ ਰਹਾਂ, ਨਾਨਕ ਦੀ (ਇਹ) ਆਸ ਪੂਰੀ ਕਰ।੨।(ਸੰ.ਸ. ਤੇ ਫ.ਸ. ਨੇ ਇਹੋ ਜਿਹੇ ਅਰਥ ਕੀਤੇ ਹਨ)।

ਪਉੜੀ ॥ ਆਸਾਵੰਤੀ ਆਸ ਗੁਸਾਈ ਪੂਰੀਐ ॥ ਮਿਲਿ ਗੋਪਾਲ ਗੋਬਿੰਦ ਨ ਕਬਹੂ ਝੂਰੀਐ ॥ ਦੇਹੁ ਦਰਸੁ ਮਨਿ ਚਾਉ ,ਲਹਿ ਜਾਹਿ ਵਿਸੂਰੀਐ ॥ ਹੋਇ ਪਵਿਤ੍ਰ ਸਰੀਰੁ ਚਰਨਾ ਧੂਰੀਐ ॥ ਪਾਰਬ੍ਰਹਮ ਗੁਰਦੇਵ ਸਦਾ ਹਜੂਰੀਐ ॥੧੩॥ ਹੇ ਪ੍ਰਿਥਵੀ ਦੇ ਮਾਲਕ ਪ੍ਰਭੂ! ਮੈਂ ਆਸਾ ਵਾਲੀ ਦੀ ਆਸ ਪੂਰੀ ਕਰ।ਹੇ ਪ੍ਰਿਥਵੀ ਦੀ ਪਾਲਣਾ ਕਰਨ ਵਾਲੇ ਗੋਬਿੰਦ! ਮੈਨੂੰ ਮਿਲ, ਤਾਂ ਜੋ ਫਿਰ ਪਛਤਾਵਾ ਨਾ ਕਰੀਏ।ਮੇਰੇ ਮਨ ਵਿਚ ਚਾਉ ਹੈ, (ਮੈਨੂੰ ਅਪਣਾ) ਦਰਸ਼ਨ ਦੇਹ, ਤਾਂ ਜੋ ਸਾਰੇ ਦੁਖ ਲਹਿ ਜਾਣ।(ਮੈਨੂੰ ਅਪਣੇ) ਚਰਨਾਂ ਦੀ ਧੂੜ ਬਖਸ਼, ਤਾਂ ਜੋ ਮੇਰਾ ਸਰੀਰ ਪਵਿਤ੍ਰ ਹੋ ਜਾਵੇ।ਹੇ ਪਾਰਬ੍ਰਹਮ ਗੁਰਦੇਵ! (ਕ੍ਰਿਪਾ ਕਰ) ਮੈਂ ਸਦਾ ਤੇਰੀ ਹਜੂਰੀ ਵਿਚ ਰਹਾਂ।੧੩।

ਪਦਾਰਥ = ਚਿਤਵੰਤਿ-ਚੇਤੇ (ਧਿਆਨ) ਕਰਦੇ ਹਨ।ਸਾਸਿ ਸਾਸਿ-ਹਰੇਕ ਸਾਹ ਨਾਲ।ਅਰਾਧਨਹ-ਸਿਮਰਦੇ ਹਨ।ਨਹ ਬਿਸਰੰਤਿ-ਭੁਲਦੇ ਨਹੀਂ।ਅਚੁਤ-ਨਾਸ਼ ਰਹਿਤ।੧।ਸੀਤੜਾ-ਸਿਉਂਤਾ (ਪ੍ਰੋਇਆ) ਹੋਇਆ।ਮੰਨ ਮੰਝਾਹਿ-ਮਨ ਵਿਚ।ਪਲਕ-ਇਕ ਪਲ।ਨ

ਥੀਵੈ–ਨਹੀਂ ਹੁੰਦਾ। ਬਾਹਰਾ–ਜੁਦਾ। ਆਸੜੀ–ਆਸਾਂ। ਨਿਬਾਹਿ–ਪੂਰੀਆਂ ਕਰਦਾ ਹੈ। ਪੇਖੰਦੋ–ਦੇਖਦਾ (ਸੰਭਾਲਦਾ) ਹੈ। ਸਚੁ ਧਣੀ–ਸੱਚਾ ਮਾਲਕ।੨। ਪਉੜੀ। ਆਸਾਵੰਤੀ–ਆਸਾ ਵਾਲੀ। ਗੁਸਾਈ–ਹੇ ਪ੍ਰਿਥਵੀ ਦੇ ਮਾਲਕ! ਪੂਰੀਐ–ਪੂਰੀ ਕਰ। ਗੋਪਾਲ–ਹੇ ਪ੍ਰਿਥਵੀ ਦੀ ਪਾਲਣਾ ਕਰਨ ਵਾਲੇ!। ਕਬਹੂ–ਕਦੇ। ਝੂਰੀਐ–ਪਛਤਾਵਾ ਕਰੀਏ। ਮਨਿ–ਮਨ ਵਿਚ। ਲਹਿ ਜਾਹਿ–ਲਹਿ ਜਾਣ। ਵਿਸੂਰੀਐ–ਦੁਖ; ਝੋਰੇ। ਧੂਰੀਐ–ਚਰਨਾਂ ਦੀ ਧੂੜ। ਹਜੂਰੀਐ–ਹਜੂਰੀ (ਚਰਨਾਂ) ਵਿਚ।੧੩।

ਅੰਗ ੭੦੯ = ਸਲੋਕ ॥ ਰਸਨਾ ਉਚਰੰਤਿ ਨਾਮੰ, ਸ੍ਰਵਣੰ ਸੁਨੰਤਿ ਸਬਦ ਅੰਮ੍ਰਿਤਹ ॥ ਨਾਨਕ ਤਿਨ ਸਦ ਬਲਿਹਾਰੰ, ਜਿਨਾ ਧਿਆਨੁ ਪਾਰਬ੍ਰਹਮਣਹ ॥੧॥ ਹਭਿ ਕੂੜਾਵੇ ਕੰਮ, ਇਕਸੁ ਸਾਈ ਬਾਹਰੇ ॥ ਨਾਨਕ ਸੇਈ ਧੰਨੁ ,ਜਿਨਾ ਪਿਰਹੜੀ ਸਚ ਸਿਉ ॥੨॥ (ਹੇ ਭਾਈ! ਜੋ ਮਨੁੱਖ) ਰਸਨਾ ਨਾਲ ਹਰੀ ਦਾ ਨਾਮ ਉਚਾਰਦੇ ਹਨ ਅਤੇ ਕੰਨਾਂ ਨਾਲ ਅੰਮ੍ਰਿਤ ਮਈ ਸ਼ਬਦ ਸੁਣਦੇ ਹਨ। ਨਾਨਕ ਉਨ੍ਹਾਂ ਪੁਰਖਾਂ ਤੋਂ ਸਦਾ ਬਲਹਾਰ ਜਾਂਦਾ ਹੈ, ਜਿਨ੍ਹਾਂ ਦਾ ਧਿਆਨ ਪਾਰਬ੍ਰਹਮ ਵਿਚ ਲੱਗਾ ਹੋਇਆ ਹੈ।੧। ਇਕ ਪ੍ਰਭੂ ਦੇ ਸਿਮਰਨ ਤੋਂ ਬਿਨਾ ਸਾਰੇ ਕੰਮ ਝੂਠੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਹੀ ਪੁਰਖ ਧੰਨ ਹਨ, ਜਿਨ੍ਹਾਂ ਨੂੰ ਸੱਚੇ ਹਰੀ ਨਾਲ ਪ੍ਰੇਮ ਹੈ।੨।

ਪਉੜੀ ॥ ਸਦ ਬਲਿਹਾਰੀ ਤਿਨਾ, ਜਿ ਸੁਨਤੇ ਹਰਿ ਕਥਾ ॥ ਪੂਰੇ ਤੇ ਪਰਧਾਨ, ਨਿਵਾਵਹਿ ਪ੍ਰਭ ਮਥਾ ॥ ਹਰਿ ਜਸੁ ਲਿਖਹਿ ਬੇਅੰਤ ,ਸੋਹਹਿ ਸੇ ਹਥਾ ॥ ਚਰਨ ਪੁਨੀਤ ਪਵਿਤ੍ਰ ,ਚਾਲਹਿ ਪ੍ਰਭ ਪਥਾ ॥ ਸੰਤਾਂ ਸੰਗਿ ਉਧਾਰੁ ,ਸਗਲਾ ਦੁਖੁ ਲਥਾ ॥੧੪॥ ਮੈਂ ਉਨ੍ਹਾਂ ਪੁਰਖਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ, ਜਿਹੜੇ ਹਰੀ ਦੀ ਕਥਾ ਸੁਣਦੇ ਹਨ। ਉਹ ਪੂਰੇ (ਗੁਣਾਂ ਵਾਲੇ ਅਤੇ ਸਭ ਤੋਂ) ਮੁਖੀ ਪੁਰਖ ਹਨ, ਜੋ ਪ੍ਰਭੂ ਅੱਗੇ ਸਿਰ ਨਿਵਾਉਂਦੇ ਹਨ (ਮੱਥ ਟੇਕਦੇ ਹਨ)। ਉਹ ਹੱਥ ਸੋਹਣੇ ਲਗਦੇ ਹਨ, (ਜਿਹੜੇ) ਬੇਅੰਤ ਪ੍ਰਭੂ ਦਾ ਜਸ ਲਿਖਦੇ ਹਨ। (ਉਨ੍ਹਾਂ ਪੁਰਖਾਂ ਦੇ) ਚਰਨ ਪਵਿਤ੍ਰ ਤੋਂ ਪਵਿਤ੍ਰ ਹਨ, ਜਿਹੜੇ ਪ੍ਰਭੂ ਦੇ ਰਸਤੇ ਤੇ ਚਲਦੇ ਹਨ। (ਅਜੇਹੇ) ਸੰਤਾਂ ਦੀ ਸੰਗਤ ਕਰਨ ਨਾਲ ਮੁਕਤੀ ਮਿਲ ਜਾਂਦੀ ਹੈ ਅਤੇ (ਜਨਮ ਮਰਣ ਦਾ) ਸਾਰਾ ਦੁਖ ਲਹਿ ਜਾਂਦਾ ਹੈ।੧੪।

ਪਦਾਰਥ = ਰਸਨਾ–ਜੀਭ ਨਾਲ। ਉਚਰੰਤਿ–ਉਚਾਰਦੇ ਹਨ। ਸ੍ਰਵਣੰ–ਕੰਨਾਂ ਨਾਲ। ਸੁਨੰਤਿ–ਸੁਣਦੇ ਹਨ। ਤਿਨ–ਉਨ੍ਹਾਂ ਤੋਂ। ਸਦ–ਸਦਾ। ਬਲਿਹਾਰ–ਕੁਰਬਾਨ ਹਾਂ।੧। ਹਭਿ–ਸਾਰੇ। ਕੂੜਾਵੇ–ਝੂਠੇ; ਬਿਅਰਥ। ਇਕਸੁ ਸਾਈ–ਇਕ ਪ੍ਰਭੂ। ਬਾਹਰੇ–ਬਿਨਾ। ਸੇਈ–ਉਹ ਹੀ। ਪਿਰਹੜੀ–ਪ੍ਰੇਮ। ਸਚੁ ਸਿਉ–ਸੱਚੇ ਪ੍ਰਭੂ ਨਾਲ।੨। ਪਉੜੀ। ਜਿ–ਜਿਹੜੇ। ਤੇ–ਉਹ। ਪਰਧਾਨ–ਮੁਖੀ; ਸਭ ਤੋਂ ਚੰਗੇ। ਨਿਵਾਵਹਿ–ਨਿਵਾਉਂਦੇ ਹਨ। ਮਥਾ (ਮੱਥਾ ਬੋਲੋ)–ਸਿਰ। ਸੋਹਹਿ–ਸੋਹਣੇ ਲਗਦੇ ਹਨ; ਸੋਭਾ ਪਾਉਂਦੇ ਹਨ। ਸੇ–ਉਹ। ਹਥਾ (ਹੱਥਾ ਬੋਲੋ)–ਹੱਥ। ਪੁਨੀਤ–ਪਵਿਤ੍ਰ। ਪਥਾ–ਰਸਤਾ। ਉਧਾਰੁ–ਮੁਕਤੀ। ਸਗਲਾ–ਸਾਰਾ। ਲਥਾ (ਲੱਥਾ ਬੋਲੋ)–ਲਹਿ ਜਾਂਦਾ ਹੈ।੧੪।

ਸਲੋਕ ॥ ਭਾਵੀ ਉਦੋਤ ਕਰਣੰ, ਹਰਿ ਰਮਣੰ ਸੰਜੋਗ ਪੂਰਨਹ ॥ ਗੋਪਾਲ ਦਰਸ ਭੇਟੰ, ਸਫਲ ਨਾਨਕ ਸੋ ਮਹੂਰਤਹ ॥੧॥ ਕੀਮ ਨ ਸਕਾ ਪਾਇ, ਸੁਖ ਮਿਤੀ ਹੂ ਬਾਹਰੇ ॥ ਨਾਨਕ ਸਾ ਵੇਲੜੀ ਪਰਵਾਣੁ ,ਜਿਤੁ ਮਿਲੰਦੜੋ ਮਾ ਪਿਰੀ ॥੨॥ (ਹੇ ਭਾਈ!) ਮੱਥੇ ਦੇ ਭਾਗਾਂ ਦਾ ਪ੍ਰਗਟ ਹੋਣਾ ਅਤੇ ਹਰੀ ਦਾ ਸਿਮਰਨ ਕਰਨਾ ਪੂਰਨ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਦੋ ਘੜੀਆਂ ਦਾ ਸਮਾਂ ਸਫਲ ਹੈ, ਜਿਸ ਵੇਲੇ ਧਰਤੀ ਨੂੰ ਪਾਲਣ ਵਾਲੇ ਪ੍ਰਭੂ ਦਾ ਦਰਸ਼ਨ ਮਿਲ ਜਾਵੇ।੧। (ਪ੍ਰਭੂ ਦੇ ਮਿਲਾਪ ਦਾ) ਸੁਖ ਅੰਦਾਜੇ ਤੋਂ ਪਰੇ (ਹੱਦੋਂ ਬਾਹਰਾ) ਹੈ, ਮੈਂ (ਉਸ ਸੁਖ ਦੀ) ਕੀਮਤ ਨਹੀਂ ਪਾ ਸਕਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਵੇਲਾ ਪ੍ਰਵਾਨ ਹੁੰਦਾ ਹੈ, ਜਿਸ ਵੇਲੇ ਮੇਰਾ ਪਿਆਰਾ ਪ੍ਰਭੂ ਮਿਲ ਪਵੇ।੧।

ਪਉੜੀ ॥ ਸਾ ਵੇਲਾ ਕਹੁ ਕਉਣੁ ਹੈ, ਜਿਤੁ ਪ੍ਰਭ ਕਉ ਪਾਈ ॥ ਸੋ ਮੂਰਤੁ ਭਲਾ ਸੰਜੋਗੁ ਹੈ, ਜਿਤੁ ਮਿਲੈ ਗੁਸਾਈ ॥ ਆਠ ਪਹਰ ਹਰਿ ਧਿਆਇ ਕੈ, ਮਨ ਇਛ ਪੁਜਾਈ ॥ ਵਡੈ ਭਾਗਿ ਸਤਸੰਗੁ ਹੋਇ, ਨਿਵਿ ਲਾਗਾ ਪਾਈ ॥ ਮਨਿ ਦਰਸਨ ਕੀ ਪਿਆਸ ਹੈ, ਨਾਨਕ ਬਲਿ ਜਾਈ ॥੧੫॥ (ਹੇ ਭਾਈ!) ਦੱਸੋ, ਉਹ ਵੇਲਾ ਕਿਹੜਾ ਹੈ? ਜਿਸ ਵੇਲੇ ਮੈਂ ਪ੍ਰਭੂ ਨੂੰ ਪਾ ਲਵਾਂ। ਉਹ ਸਮਾਂ ਤੇ ਸੰਜੋਗ ਭਲਾ ਹੈ, ਜਿਸ ਸਮੇਂ ਧਰਤੀ ਦਾ ਮਾਲਕ ਮਿਲ ਜਾਂਦਾ ਹੈ। ਅੱਠੇ ਪਹਰ ਹਰੀ ਨੂੰ ਧਿਆ ਕੇ ਮਨ ਦੀਆਂ ਇੱਛਾਂ ਪੂਰੀਆਂ ਹੁੰਦੀਆਂ ਹਨ। ਵੱਡੇ ਭਾਗਾਂ ਨਾਲ ਜੇ ਸਤਸੰਗ ਪ੍ਰਾਪਤ ਹੋ ਜਾਵੇ, ਤਾਂ ਨਿੰਵ ਕੇ (ਮੈਂ ਉਨ੍ਹਾਂ ਸਤਸੰਗੀਆਂ ਦੇ) ਚਰਨੀਂ ਲਗ ਪਵਾਂ। ਨਾਨਕ ਗੁਰੂ ਜੀ ਆਖਦੇ ਕਿ ਮੇਰੇ ਮਨ ਵਿਚ ਪ੍ਰਭੂ ਦੇ ਦਰਸ਼ਨਾਂ ਦੀ ਪਿਆਸ ਹੈ, ਮੈਂ ਪ੍ਰਭੂ ਤੋਂ ਸਦਕੇ ਜਾਂਦਾ ਹਾਂ।੧੫।

ਪਦਾਰਥ = ਭਾਵੀ–ਮੱਥੇ ਦੇ ਭਾਗ; ਹੋਣਹਾਰ (ਹੋਣ ਵਾਲੀ ਘਟਨਾ, ਜੋ ਜਰੂਰ ਹੋ ਕੇ ਰਹਿੰਦੀ ਹੈ)। ਉਦੋਤ ਕਰਣੰ–ਪ੍ਰਗਟ ਹੋਣਾ। ਰਮਣੰ–ਸਿਮਰਨ ਕਰਨਾ। ਸੰਜੋਗ ਪੂਰਨਹ–ਪੂਰੇ ਭਾਗਾਂ ਨਾਲ; ਕਰਮਾਂ ਦੇ ਫਲ ਦੇ ਸਬੰਧ ਕਰਕੇ। ਗੋਪਾਲ–ਧਰਤੀ ਦੀ ਪਾਲਣਾ ਕਰਨ ਵਾਲਾ ਪ੍ਰਭੂ। ਭੇਟੰ–ਮਿਲ ਜਾਵੇ। ਸੋ–ਉਹ। ਮਹੂਰਤਹ–ਦੋ ਘੜੀਆਂ ਦਾ ਸਮਾਂ।੧। ਕੀਮ–ਕੀਮਤ। ਮਿਤੀ ਹੂ ਬਾਹਰੇ–ਅੰਦਾਜੇ ਤੋਂ ਪਰੇ; ਮਿਣਤੀ ਤੋਂ ਬਿਨਾ (ਬੇਅੰਤ)। ਸਾ–ਉਹ। ਵੇਲੜੀ–ਸੋਹਣਾ ਵੇਲਾ। ਜਿਤੁ–ਜਿਸ ਵੇਲੇ। ਮਿਲੰਦੜੋ–ਮਿਲ ਪਵੇ। ਮਾ ਪਿਰੀ–ਮੇਰਾ ਪਿਆਰਾ ਪ੍ਰਭੂ।੨। ਪਉੜੀ। ਕਹੁ–ਕਹੋ (ਦੱਸੋ)। ਪਾਈ–ਪਾ ਲਵਾਂ। ਮੂਰਤੁ–ਦੋ ਘੜੀਆਂ ਦਾ ਸਮਾਂ। ਸੰਜੋਗੁ–ਭਾਗਾਂ ਦਾ ਜੋੜ। ਗੁਸਾਈ–ਧਰਤੀ ਦਾ ਮਾਲਕ। ਮਨ ਇਛ–ਮਨ ਦੀਆਂ ਇਛਾਵਾਂ। ਨਿਵਿ–ਨਿਊਂ ਕੇ। ਪਾਈ–ਪੈਰੀਂ (ਚਰਨੀਂ)। ਬਲਿ ਜਾਈ–ਸਦਕੇ ਜਾਂਦਾ ਹਾਂ।੨੫।

ਸਲੋਕ ॥ ਪਤਿਤ ਪੁਨੀਤ ਗੋਬਿੰਦਹ, ਸਰਬ ਦੋਖ ਨਿਵਾਰਣਹ ॥ ਸਰਣਿ ਸੂਰ ਭਗਵਾਨਹ, ਜਪੰਤਿ ਨਾਨਕ ਹਰਿ ਹਰਿ ਹਰੇ ॥੧॥

ਛਡਿਓ ਹਭੁ ਆਪੁ ,ਲਗੜੋ ਚਰਣਾ ਪਾਸਿ ॥ ਨਠੜੋ ਦੁਖ ਤਾਪੁ ,ਨਾਨਕ ਪ੍ਰਭੁ ਪੇਖੰਦਿਆ ॥੨॥ (ਹੇ ਭਾਈ!) ਸ੍ਰਿਸਟੀ ਦਾ ਮਾਲਕ ਪ੍ਰਭੂ ਧਰਮ ਤੋਂ ਡਿੱਗੇ ਪਾਪੀਆਂ ਨੂੰ ਪਵਿਤ੍ਰ ਕਰਦਾ ਹੈ ਅਤੇ (ਉਨ੍ਹਾਂ ਦੇ) ਸਾਰੇ ਦੁਖ ਨਾਸ਼ ਕਰ ਦੇਂਦਾ ਹੈ। ਉਹ ਭਗਵਾਨ ਸ਼ਰਨ ਵਿਚ ਆਏ ਲੋਕਾਂ ਦੀ ਰੱਖਿਆ ਕਰਨ ਵਾਲਾ ਸੂਰਬੀਰ ਹੈ, ਨਾਨਕ ਉਸ ਹਰੀ ਦਾ ਹਰਿ ਹਰਿ ਨਾਮ ਜਪਦਾ ਹੈ।੧। (ਹੇ ਭਾਈ! ਜਿਸ ਪੁਰਖ ਨੇ) ਸਾਰਾ ਆਪਾ ਭਾਵ (ਹੰਕਾਰ) ਛਡ ਦਿਤਾ ਹੈ ਅਤੇ ਸਤਿਗੁਰੂ ਦੇ ਚਰਨਾਂ ਪਾਸ ਆ ਲੱਗਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਨੂੰ ਦੇਖਦਿਆਂ ਹੀ (ਉਸ ਦੇ) ਸਾਰੇ ਦੁਖ ਤੇ ਤਾਪ ਨੱਠ (ਨਾਸ਼ ਹੋ) ਗਏ ਹਨ।੨।

ਪਉੜੀ ॥ ਮੇਲਿ ਲੈਹੁ ਦਇਆਲ, ਢਹਿ ਪਏ ਦੁਆਰਿਆ ॥ ਰਖਿ ਲੇਵਹੁ ਦੀਨ ਦਇਆਲ, ਭ੍ਰਮਤ ਬਹੁ ਹਾਰਿਆ ॥ ਭਗਤਿ ਵਛਲੁ ਤੇਰਾ ਬਿਰਦੁ ,ਹਰਿ ਪਤਿਤ ਉਧਾਰਿਆ ॥ ਤੁਝ ਬਿਨੁ ਨਾਹੀ ਕੋਇ, ਬਿਨਉ ਮੋਹਿ ਸਾਰਿਆ ॥ ਕਰੁ ਗਹਿ ਲੇਹੁ ਦਇਆਲ, ਸਾਗਰ ਸੰਸਾਰਿਆ ॥੧੬॥ ਹੇ ਦਿਆਲੂ ਪ੍ਰਭੂ! ਤੇਰੇ ਦਆਰੇ ਤੇ ਢਹਿ ਪਏ ਹਾਂ, (ਸਾਨੂੰ) ਅਪਣੇ ਨਾਲ ਮਿਲਾ ਲਵੋ। ਹੇ ਦੀਨਾਂ ਉਤੇ ਦਇਆ ਕਰਨ ਵਾਲੇ ਪ੍ਰਭੂ! (ਸਾਡੀ) ਰੱਖਿਆ ਕਰ ਲਵੋ, ਮੈਂ (ਅਨੇਕਾਂ) ਜੋਨੀਆਂ ਵਿਚ ਫਿਰਦਾ ਹੋਇਆ ਥੱਕ ਗਿਆ ਹਾਂ। ਹੇ ਪਾਪੀਆਂ ਦਾ ਉਧਾਰ ਕਰਨ ਵਾਲੇ ਪ੍ਰਭੂ! ਭਗਤੀ ਨੂੰ ਪਿਆਰ ਕਰਨ ਵਾਲਾ ਤੇਰਾ ਸੁਭਾਵ ਹੈ। ਤੇਰੇ ਬਿਨਾ ਮੇਰਾ ਕੋਈ ਨਹੀਂ ਹੈ, ਜਿਸ ਪਾਸ ਜਾ ਕੇ ਮੈਂ ਬੇਨਤੀ ਕਰਾਂ; ਜੋ ਮੇਰੀ ਬੇਨਤੀ ਨੂੰ ਸਿਰੇ ਚਾੜ੍ਹ ਦੇਵੇ। ਹੇ ਦਿਆਲੂ ਪ੍ਰਭੂ! ਮੇਰਾ (ਮਨ ਰੂਪ) ਹੱਥ ਫੜ ਲੈ ਤੇ ਮੈਨੂੰ ਸੰਸਾਰ ਸਮੁੰਦਰ ਵਿਚ ਡੁੱਬਣ ਤੋਂ ਬਚਾ ਲੈ।੧੬।

ਪਦਾਰਥ = ਪਤਿਤ–ਪਾਪੀਆਂ ਨੂੰ। ਪੁਨੀਤ–ਪਵਿਤ੍ਰ। ਸਰਬ–ਸਾਰੇ। ਨਿਵਾਰਣਹ–ਨਾਸ਼ ਕਰਦਾ ਹੈ। ਸਰਣਿ ਸੂਰ–ਸ਼ਰਣ ਵਿਚ ਆਏ ਲੋਕਾਂ ਦੀ ਰੱਖਿਆ ਕਰਨ ਵਾਲਾ ਸੂਰਬੀਰ। ਜਪੰਤਿ–ਜਪਦਾ ਹੈ। ਹਰੇ–ਹਰੀ ਦਾ।੧। ਹਭੁ–ਸਾਰਾ। ਆਪੁ–ਆਪਾ ਭਾਵ (ਹੰਕਾਰ)। ਪਾਸਿ –ਕੋਲ; ਲਾਗੇ। ਨਠੜੋ–ਨੱਠ ਗਏ ਹਨ। ਤਾਪੁ–ਰੋਗ; ਕਲੇਸ਼। ਪੇਖੰਦਿਆ–ਦੇਖਦਿਆਂ।੨। ਪਉੜੀ। ਦੁਆਰਿਆ–ਦਰਵਾਜੇ ਉਤੇ। ਢਹਿ ਪਏ–ਡਿਗ ਪਏ ਹਾਂ। ਦੀਨ ਦਇਆਲ–ਹੇ ਗਰੀਬਾਂ ਉਤੇ ਦਇਆ ਕਰਨ ਵਾਲੇ!। ਭ੍ਰਮਤ–ਫਿਰਦਾ ਹੋਇਆ। ਹਾਰਿਆ–ਹਾਰ (ਥੱਕ) ਗਿਆ ਹਾਂ। ਭਗਤਿ ਵਛਲੁ–ਭਗਤੀ ਨੂੰ ਪਿਆਰ ਕਰਨ ਵਾਲਾ। ਬਿਰਦੁ–ਸੁਭਾਵ; ਧਰਮ। ਉਧਾਰਿਆ–(ਸੰਸਾਰ ਸਮੁੰਦਰ ਤੋਂ) ਤਾਰਨ ਵਾਲਾ। ਬਿਨਉ–ਬੇਨਤੀ। ਸਾਰਿਆ–ਸਾਰ ਲੈਣ ਵਾਲਾ; ਸਿਰ ਚਾੜ੍ਹ ਦੇਵੇ; ਕਰਦਾ ਹਾਂ। (ਮਨ ਰੂਪ) ਕਰੁ–ਹੱਥ। ਗਹਿ–ਫੜ ਕੇ।੧੬।

ਸਲੋਕ ॥ ਸੰਤ ਉਧਰਣ ਦਇਆਲੰ, ਆਸਰੰ ਗੋਪਾਲ ਕੀਰਤਨਹ ॥ ਨਿਰਮਲੰ ਸੰਤ ਸੰਗੇਣ, ਓਟ ਨਾਨਕ ਪਰਮੇਸੁਰਹ ॥੧॥ ਚੰਦਨ ਚੰਦੁ ਨ ਸਰਦ ਰੁਤਿ, ਮੂਲਿ ਨ ਮਿਟਈ ਘਾਂਮ ॥ ਸੀਤਲੁ ਥੀਵੈ ਨਾਨਕਾ, ਜਪੰਦੜੋ ਹਰਿ ਨਾਮੁ ॥੨॥ (ਹੇ ਭਾਈ!) ਦਇਆ ਕਰਨ ਵਾਲਾ ਪ੍ਰਭੂ ਸੰਤਾਂ ਦਾ ਉਧਾਰ ਕਰਨ ਵਾਲਾ ਹੈ; ਦਿਆਲੂ ਸੰਤ (ਸੰਸਾਰੀ ਜੀਵਾਂ ਦਾ) ਉਧਾਰ ਕਰਨ ਵਾਲੇ ਹਨ, (ਜਿਨ੍ਹਾਂ ਸੰਤਾਂ ਨੂੰ) ਗੋਪਾਲ ਦੇ ਕੀਰਤਨ ਦਾ ਆਸਰਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਸੰਤਾਂ ਦੀ ਸੰਗਤ ਅਤੇ ਪ੍ਰਮੇਸਰ ਦੀ ਓਟ (ਮਨੁੱਖ ਦੇ ਵਿਕਾਰੀ ਮਨ ਨੂੰ) ਪਵਿਤ੍ਰ ਕਰ ਦੇਂਦੀ ਹੈ।੧। (ਹੇ ਭਾਈ!) ਨਾ ਚੰਦਨ ਦੇ ਲੇਪ ਨਾਲ, ਨਾ ਚੰਦ ਚਾਨਣੀ ਦੀ ਰਾਤ ਸਮੇਂ ਅਤੇ ਨਾ ਸਰਦੀ ਦੀ ਰੁੱਤ ਵਿਚ (ਮਨ ਸੀਤਲ ਹੁੰਦਾ ਹੈ, ਚੰਦਨ, ਚੰਦ ਤੇ ਸਰਦੀ ਨਾਲ) ਮਨ ਦੀ ਤਪਸ਼ ਬਿਲਕੁਲ ਨਹੀਂ ਮਿਟਦੀ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦਾ ਨਾਮ ਜਪਣ ਨਾਲ (ਮਨ ਦੀ ਤਪਸ਼) ਸ਼ਾਂਤ ਹੁੰਦੀ ਹੈ (ਮਨ ਵਿਚ ਠੰਢ ਪੈ ਜਾਂਦੀ ਹੈ)।੨।

ਪਉੜੀ ॥ ਚਰਨ ਕਮਲ ਕੀ ਓਟ, ਉਧਰੇ ਸਗਲ ਜਨ ॥ ਸੁਣਿ ਪਰਤਾਪੁ ਗੋਵਿੰਦ, ਨਿਰਭਉ ਭਏ ਮਨ ॥ ਤੋਟਿ ਨ ਆਵੈ ਮੂਲਿ, ਸੰਚਿਆ ਨਾਮੁ ਧਨ ॥ ਸੰਤ ਜਨਾ ਸਿਉ ਸੰਗੁ ,ਪਾਈਐ ਵਡੈ ਪੁਨ ॥ ਆਠ ਪਹਰ ਹਰਿ ਧਿਆਇ, ਹਰਿ ਜਸੁ ਨਿਤ ਸੁਨ ॥੧੭॥(ਹੇ ਭਾਈ!) ਪ੍ਰਭੂ ਦੇ ਚਰਨ ਕਮਲਾਂ ਦੀ ਓਟ ਲੈ ਕੇ ਸਾਰੇ ਸੰਤ ਜਨ ਮੁਕਤ ਹੋ ਗਏ ਹਨ। (ਉਨ੍ਹਾਂ ਦੇ) ਮਨ ਗੋਬਿੰਦ ਦਾ ਪਰਤਾਪ ਸੁਣ ਕੇ ਨਿਰਭਉ ਹੋ ਗਏ ਹਨ। (ਸੰਤਾਂ ਨੇ ਜੋ) ਨਾਮ ਧਨ ਇਕੱਠਾ ਕੀਤਾ ਹੈ, (ਉਸ ਵਿਚ) ਉੱਕਾ ਹੀ ਤੋਟ ਨਹੀਂ ਆਉਂਦੀ; (ਉਸ ਧਨ ਕਰਕੇ ਉਨ੍ਹਾਂ ਨੂੰ ਕਿਸੇ ਪਦਾਰਥ ਦੀ) ਤੋਟ ਨਹੀਂ ਆਉਂਦੀ। (ਅਜੇਹੇ) ਸੰਤ ਜਨਾਂ ਦੀ ਸੰਗਤ ਵੱਡੇ ਪੁੰਨਾਂ ਨਾਲ ਪ੍ਰਾਪਤ ਹੁੰਦੀ ਹੈ। (ਹੇ ਭਾਈ! ਉਨ੍ਹਾਂ ਦੀ ਸੰਗਤ ਵਿਚ ਤੂੰ) ਅੱਠੇ ਪਹਿਰ ਹਰੀ ਦਾ ਨਾਮ ਸਿਮਰ ਅਤੇ ਹਰ ਰੋਜ ਹਰੀ ਦਾ ਜਸ ਸੁਣਿਆ ਕਰ।੧੭।

ਪਦਾਰਥ = ਉਧਰਣ–ਮੁਕਤੀ ਦੇਣ ਵਾਲਾ। ਦਇਆਲੰ–ਦਇਆ ਕਰਨ ਵਾਲਾ। ਗੋਪਾਲ–ਧਰਤੀ ਦੀ ਪਾਲਣਾ ਕਰਨ ਵਾਲਾ ਪ੍ਰਭੂ। ਆਸਰੰ ਕੀਰਤਨਹ–ਕੀਰਤਨ ਦਾ ਆਸਰਾ। ਨਿਰਮਲੰ–ਪਵਿਤ੍ਰ। ਸੰਗੇਣ–ਸੰਗਤ।੧। ਸਰਦ ਰੁਤਿ–ਸਰਦੀ ਦੀ ਰੁੱਤ ਨਾਲ। ਮੂਲਿ–ਉੱਕਾ ਹੀ। ਘਾਂਮ–(ਮਨ ਦੀ) ਤਪਸ਼ (ਗਰਮੀ)। ਸੀਤਲੁ–ਠੰਢ (ਸ਼ਾਂਤੀ)। ਥੀਵੈ–ਹੁੰਦਾ ਹੈ।੨। ਪਉੜੀ। ਚਰਨ ਕਮਲ–ਕਮਲ ਫੁੱਲ ਵਰਗੇ ਚਰਨ। ਉਧਰੇ–ਮੁਕਤ ਹੋ ਗਏ ਹਨ। ਸਗਲ ਜਨ–ਸਾਰੇ ਸੰਤ ਜਨ। ਪਰਤਾਪੁ–ਵਡਿਆਈ; ਮਹਾਨਤਾ। ਨਿਰਭਉ ਭਏ–ਭੈ ਰਹਿਤ ਹੋ ਗਏ। ਤੋਟਿ–ਘਾਟਾ। ਸੰਚਿਆ–ਇਕੱਠਾ ਕੀਤਾ ਹੈ। ਸਿਉ–ਨਾਲ। ਸੰਗੁ–ਸੰਗਤ; ਮਿਲਾਪ। ਪੁਨ–ਸ਼ੁੱਭ ਕਰਮ।੧੭।

ਸਲੋਕ ॥ ਦਇਆ ਕਰਣੰ ਦੁਖ ਹਰਣੰ, ਉਚਰਣੰ ਨਾਮ ਕੀਰਤਨਹ ॥ ਦਇਆਲ ਪੁਰਖ ਭਗਵਾਨਹ, ਨਾਨਕ ਲਿਪਤ ਨ ਮਾਇਆ ॥ ੧॥ ਭਾਹਿ ਬਲੰਦੜੀ ਬੁਝਿ ਗਈ, ਰਖੰਦੜੋ ਪ੍ਰਭੁ ਆਪਿ ॥ (ਹੇ ਭਾਈ! ਜਿਹੜਾ ਮਨੁੱਖ ਪ੍ਰਭੂ ਦੇ) ਨਾਮ ਦਾ ਕੀਰਤਨ ਉਚਾਰਨ ਕਰਦਾ ਹੈ, (ਉਸ ਉਤੇ ਪ੍ਰਭੂ) ਦਇਆ ਕਰਦਾ ਹੈ ਅਤੇ (ਉਸ ਦੇ) ਦੁਖ ਨਾਸ਼ ਕਰ ਦੇਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਉਹ

ਮਨੁੱਖ) ਮਾਇਆ ਦੇ ਮੋਹ ਵਿਚ ਨਹੀਂ ਫਸਦਾ, (ਜਿਸ ਉਤੇ) ਸਰਬ ਵਿਆਪਕ ਪ੍ਰਭੂ ਦਇਆਵਾਨ ਹੁੰਦਾ ਹੈ।੧।(ਹੇ ਭਾਈ! ਜਿਸ ਮਨੁੱਖ ਦਾ) ਪ੍ਰਭੂ ਆਪ ਰਖਵਾਲਾ ਬਣਿਆ ਹੈ, (ਉਸ ਦੇ ਮਨ ਅੰਦਰ ਬਲ ਰਹੀ) ਤ੍ਰਿਸ਼ਨਾ ਦੀ ਅੱਗ ਬੁਝ ਗਈ ਹੈ।

ਅੰਗ ੭੧੦ = ਜਿਨਿ ਉਪਾਈ ਮੇਦਨੀ, ਨਾਨਕ ਸੋ ਪ੍ਰਭੁ ਜਾਪਿ ॥੨॥ ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਭਾਈ!) ਜਿਸ ਨੇ ਇਹ ਸ੍ਰਿਸਟੀ ਪੈਦਾ ਕੀਤੀ ਹੈ, ਤੂੰ ਉਸ ਪ੍ਰਭੂ ਦਾ ਜਾਪ ਕਰਿਆ ਕਰ।੨।

ਪਉੜੀ ॥ ਜਾ ਪ੍ਰਭ ਭਏ ਦਇਆਲ, ਨ ਬਿਆਪੈ ਮਾਇਆ ॥ ਕੋਟਿ ਅਘਾ ਗਏ ਨਾਸ, ਹਰਿ ਇਕੁ ਧਿਆਇਆ ॥ ਨਿਰਮਲ ਭਏ ਸਰੀਰ, ਜਨ ਧੂਰੀ ਨਾਇਆ ॥ ਮਨ ਤਨ ਭਏ ਸੰਤੋਖ, ਪੂਰਨ ਪ੍ਰਭੁ ਪਾਇਆ ॥ ਤਰੇ ਕੁਟੰਬ ਸੰਗਿ ਲੋਗ, ਕੁਲ ਸਬਾਇਆ ॥੧੮॥ (ਹੇ ਭਾਈ! ਮਨੁੱਖ ਉਤੇ) ਜਦ ਪ੍ਰਭੂ ਦਿਆਲ ਹੋ ਜਾਣ, ਤਾਂ (ਉਸ ਨੂੰ) ਮਾਇਆ ਨਹੀਂ ਚਿੰਬੜਦੀ।(ਜਿਸ ਮਨੁੱਖ ਨੇ) ਇਕ ਹਰੀ ਨੂੰ ਧਿਆਇਆ ਹੈ, (ਉਸ ਦੇ) ਕ੍ਰੋੜਾਂ ਪਾਪ ਨਾਸ਼ ਹੋ ਗਏ ਹਨ।(ਉਨ੍ਹਾਂ ਦੇ) ਸਰੀਰ ਪਵਿਤ੍ਰ ਹੋ ਗਏ ਹਨ, (ਜਿਨ੍ਹਾਂ ਨੇ ਹਰੀ ਦੇ) ਦਾਸਾਂ ਦੇ ਚਰਨਾਂ ਦੀ ਧੂੜੀ ਵਿਚ ਇਸ਼ਨਾਨ ਕੀਤਾ ਹੈ (ਸੰਗਤ ਕੀਤੀ ਹੈ।ਉਨ੍ਹਾਂ ਦੇ) ਮਨ ਤੇ ਤਨ ਸੰਤੁਸ਼ਟ ਹੋ ਗਏ ਹਨ, (ਜਿਨ੍ਹਾਂ ਨੇ) ਪੂਰਨ ਪ੍ਰਭੂ ਨੂੰ ਪਾ ਲਿਆ ਹੈ।(ਅਜੇਹੇ ਪੁਰਖਾਂ ਦੀ) ਸੰਗਤ ਕਰਕੇ ਪ੍ਰਵਾਰ ਅਤੇ ਸਾਰੀ ਕੁਲ ਦੇ ਲੋਕ ਭਵਜਲ ਤੋਂ ਤਰ ਜਾਂਦੇ ਹਨ।੧੮।

ਪਦਾਰਥ = ਕਰਣੰ–ਕਰਦਾ ਹੈ।ਹਰਣੰ–ਨਾਸ਼ ਕਰ ਦੇਂਦਾ ਹੈ।ਉਚਰਣੰ–ਉਚਾਰਨ ਕਰਦਾ (ਗਾਉਂਦਾ) ਹੈ।ਕੀਰਤਨਹ–ਸਿਫਤ ਸਲਾਹ ।ਪੁਰਖ ਭਗਵਾਨਹ–ਤੇਜ ਪ੍ਰਤਾਪ ਵਾਲਾ ਸਰਬ ਵਿਅਪਕ ਪ੍ਰਭੂ।ਲਿਪਤ ਨ–ਨਹੀਂ ਫਸਦਾ।੧।ਭਾਹਿ–ਅੱਗ।ਬਲੰਦੜੀ–ਬਲਦੀ ਹੋਈ ।ਰਖੰਦੜੋ–ਰਖਵਾਲਾ।ਜਿਨਿ–ਜਿਸ ਨੇ।ਉਪਾਈ–ਪੈਦਾ ਕੀਤੀ।ਮੇਦਨੀ–ਸ੍ਰਿਸਟੀ।ਸੋ–ਉਸ ਨੂੰ।੨।ਪਉੜੀ।ਜਾ–ਜਦੋਂ।ਭਏ–ਹੋਏ। ਨ ਬਿਆਪੈ–ਨਹੀਂ ਚਿੰਬੜਦੀ; ਅਸਰ ਨਹੀਂ ਕਰਦੀ।ਕੋਟਿ–ਕ੍ਰੋੜਾਂ।ਅਘਾ–ਪਾਪ।ਨਿਰਮਲ–ਪਵਿਤ੍ਰ।ਜਨ ਧੂਰੀ–ਦਾਸਾਂ ਦੇ ਚਰਨਾਂ ਦੀ ਧੂੜ ਵਿਚ।ਨਾਇਆ–ਨ੍ਹਾਇਆ।ਤਰੇ–ਸੰਸਾਰ ਸਮੁੰਦਰ ਤੋਂ ਤਰ ਗਏ।ਕੁਲ–ਖਾਨਦਾਨ।ਸਬਾਇਆ–ਸਾਰਾ।੧੮।

ਸਲੋਕ ॥ ਗੁਰ ਗੋਬਿੰਦ ਗੋਪਾਲ ਗੁਰ, ਗੁਰ ਪੂਰਨ ਨਾਰਾਇਣਹ ॥ ਗੁਰ ਦਇਆਲ ਸਮਰਥ ਗੁਰ, ਗੁਰ ਨਾਨਕ ਪਤਿਤ ਉਧਾਰਣਹ ॥੧॥ ਭਉਜਲੁ ਬਿਖਮੁ ਅਸਗਾਹੁ ,ਗੁਰਿ ਬੋਹਿਥੈ ਤਾਰਿਅਮੁ ॥ ਨਾਨਕ ਪੂਰ ਕਰੰਮ, ਸਤਿਗੁਰ ਚਰਣੀ ਲਗਿਆ ॥੨॥ (ਹੇ ਭਾਈ!) ਗੁਰੂ ਗੋਬਿੰਦ ਰੂਪ ਹੈ, ਗੁਰੂ ਸ੍ਰਿਸਟੀ ਦੀ ਪਾਲਣਾ ਕਰਨ ਵਾਲੇ ਪ੍ਰਭੂ ਦਾ ਰੂਪ ਹੈ ਅਤੇ ਗੁਰੂ ਹੀ ਸਰਬ ਵਿਆਪਕ ਨਰਾਇਣ ਰੂਪ ਹੈ। ਗੁਰੂ ਦਇਆ ਦਾ ਘਰ ਹੈ, ਗੁਰੂ ਸਰਬ ਸ਼ਕਤੀਵਾਨ ਹੈ, ਪ੍ਰਮੇਸਰ ਸਰੂਪ ਗੁਰੂ ਨਾਨਕ ਦੇਵ ਜੀ ਪਾਪੀਆਂ ਨੂੰ ਭਵਜਲ ਤੋਂ ਤਾਰਨ ਵਾਲੇ ਹਨ।੧।ਸੰਸਾਰ ਸਮੁੰਦਰ ਅਥਾਹ ਹੈ, (ਜਿਸ ਤੋਂ ਤਰਨਾ) ਔਖਾ ਹੈ, (ਪਰ) ਗੁਰੂ ਜਹਾਜ ਨੇ ਮੈਨੂੰ (ਇਸ ਤੋਂ) ਤਾਰ ਦਿਤਾ ਹੈ ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਮਨੁੱਖ) ਪੂਰਨ ਭਾਗਾਂ ਵਾਲਾ ਹੈ, ਜੋ ਸਤਿਗੁਰੂ ਦੇ ਚਰਨੀਂ ਲੱਗਿਆ ਹੈ।੨।

ਪਉੜੀ ॥ ਧੰਨੁ ਧੰਨੁ ਗੁਰਦੇਵ, ਜਿਸੁ ਸੰਗਿ ਹਰਿ ਜਪੇ ॥ ਗੁਰ ਕ੍ਰਿਪਾਲ ਜਬ ਭਏ, ਤ ਅਵਗੁਣ ਸਭਿ ਛਪੇ ॥ ਪਾਰਬ੍ਰਹਮ ਗੁਰਦੇਵ, ਨੀਚਹੁ ਉਚ ਥਪੇ ॥ ਕਾਟਿ ਸਿਲਕ ਦੁਖ ਮਾਇਆ, ਕਰਿ ਲੀਨੇ ਅਪ ਦਸੇ ॥ ਗੁਣ ਗਾਏ ਬੇਅੰਤ, ਰਸਨਾ ਹਰਿ ਜਸੇ ॥੧੯॥ ਪੂਜਣ ਯੋਗ ਗੁਰੂ (ਨਾਨਕ ਦੇ ਜੀ ਮਨ ਬਾਣੀ ਕਰਕੇ) ਧੰਨ ਧੰਨ ਹੈ, ਜਿਨ੍ਹਾਂ ਦੀ ਸੰਗਤ ਕਰਕੇ (ਅਸੀਂ ਸੰਸਾਰੀ ਲੋਕਾਂ ਨੇ) ਹਰੀ ਦਾ ਨਾਮ ਜਪਿਆ ਹੈ।ਜਦੋਂ ਗੁਰੂ ਜੀ ਕ੍ਰਿਪਾਲੂ ਹੋਏ, ਤਾਂ ਸਾਰੇ ਔਗੁਣ ਛਪ (ਦੂਰ ਹੋ) ਗਏ ਹਨ।ਪਾਰਬ੍ਰਹਮ ਰੂਪ ਗੁਰੂ (ਨਾਨਕ ਦੇਵ ਜੀ) ਨੇ ਸਾਨੂੰ ਨੀਵਿਆਂ ਨੂੰ ਉਚੇ ਬਣਾ ਦਿਤਾ ਹੈ।(ਗੁਰੂ ਨੇ ਸਾਡੀ) ਮਾਇਆ ਦੇ ਦੁੱਖਾਂ ਦੀ ਫਾਹੀ ਕਟ ਕੇ (ਸਾਨੂੰ) ਅਪਣੇ ਦਾਸ ਬਣਾ ਲਿਆ ਹੈ।(ਗੁਰੂ ਦੀ ਕ੍ਰਿਪਾ ਨਾਲ ਅਸੀਂ) ਬੇਅੰਤ ਹਰੀ ਦੇ ਗੁਣ ਗਾਏ ਹਨ ਅਤੇ ਜੀਭ ਨਾਲ ਵੀ (ਉਸ ਦਾ) ਜਸ ਗਾਇਆ ਹੈ।੧੯।

ਪਦਾਰਥ = ਗੋਬਿੰਦ–ਸ੍ਰਿਸਟੀ ਦਾ ਮਾਲਕ।ਗੋਪਾਲ–ਸ੍ਰਿਸਟੀ ਦੀ ਪਾਲਣਾ ਕਰਨ ਵਾਲਾ।ਪੂਰਨ ਨਾਰਾਇਣਹ–ਸਰਬ ਵਿਆਪਕ ਪ੍ਰਭੂ। ਦਇਆਲ–ਦਇਆ ਦਾ ਘਰ।ਸਮਰਥ–ਸਰਬ ਸ਼ਕਤੀਵਾਨ।ਪਤਿਤ–ਪਾਪੀਆਂ ਨੂੰ।ਉਧਾਰਣਹ–ਤਾਰਨ ਵਾਲਾ ਹੈ।੧।ਭਉਜਲੁ– ਸੰਸਾਰ ਸਮੁੰਦਰ।ਬਿੰਖਮੁ–ਔਖਾ; ਭਿਆਨਕ।ਅਸਗਾਹੁ–ਅਥਾਹ (ਬਹੁਤ ਡੂੰਘਾ)।ਗੁਰਿ–ਗੁਰੂ ਨੇ।ਬੋਹਿਥੈ–ਜਹਾਜ ਨੇ।ਤਾਰਿਅਮੁ– ਮੈਨੂੰ ਤਾਰ ਦਿਤਾ।ਪੂਰ ਕਰੰਮ–ਖੁਸ਼ ਕਿਸਮਤ (ਪੂਰੇ ਭਾਗਾਂ ਵਾਲਾ)।੨।ਪਉੜੀ–ਧੰਨੁ ਧੰਨੁ–ਮਨ ਬਾਣੀ ਕਰਕੇ ਧੰਨਤਾ ਦੇ ਯੋਗ। ਗੁਰਦੇਵ–ਪੂਜਣ ਯੋਗ (ਜਾਂ ਪ੍ਰਕਾਸ਼ ਸਰੂਪ) ਗੁਰੂ।ਜਿਸ ਸੰਗਿ–ਜਿਸ ਦੀ ਸੰਗਤ ਕਰਕੇ।ਜਪੇ–ਜਪਿਆ।ਜਬ–ਜਦੋਂ।ਭਏ–ਹੋਏ।ਤ– ਤਾਂ।ਛਪੇ–ਛਪ (ਦੂਰ ਹੋ) ਗਏ।ਨੀਚਹੁ–ਨੀਵਿਆਂ ਨੂੰ।ਉਚ ਥਪੇ–ਉਚੇ ਬਣਾ ਦਿਤਾ।ਸਿਲਕ (ਅ.)–ਫਾਹੀ; ਰੱਸੀ।ਕਰਿ ਲੀਨੇ– ਬਣਾ ਲਿਆ।ਅਪ ਦਸੇ–ਅਪਣੇ ਦਾਸ।ਬੇਅੰਤ–ਬੇਅੰਤ ਪ੍ਰਭੂ ਦੇ।ਰਸਨਾ–ਜੀਭ ਨਾਲ।ਜਸੇ–ਜਸ।੧੯।

ਸਲੋਕ ॥ ਦ੍ਰਿਸਟੰਤ ਏਕੋ ਸੁਨੀਅੰਤ ਏਕੋ, ਵਰਤੰਤ ਏਕੋ ਨਰਹਰਹ ॥ ਨਾਮ ਦਾਨੁ ਜਾਚੰਤਿ ਨਾਨਕ, ਦਇਆਲ ਪੁਰਖ ਕ੍ਰਿਪਾ ਕਰਹ ॥੧॥ ਹਿਕੁ ਸੇਵੀ ਹਿਕੁ ਸੰਮਲਾ, ਹਰਿ ਇਕਸੁ ਪਹਿ ਅਰਦਾਸਿ ॥ ਨਾਮ ਵਖਰੁ ਧਨੁ ਸੰਚਿਆ, ਨਾਨਕ ਸਚੀ ਰਾਸਿ ॥੨॥ (ਦੂਜੀ ਤੁਕ ਦਾ ਅਰਥ ਪਹਿਲਾਂ ਲੱਗੇਗਾ) ਨਾਨਕ ਗੁਰੂ ਜੀ ਆਖਦੇ ਹਨ (ਕਿ ਜਿਨ੍ਹਾਂ ਮਨੁੱਖਾਂ ਉਤੇ) ਸਰਬ ਵਿਆਪਕ ਦਿਆਲੂ ਪ੍ਰਭੂ ਕ੍ਰਿਪਾ ਕਰਦਾ ਹੈ, (ਉਹ ਉਸ ਪਾਸੋਂ) ਨਾਮ ਦਾ ਦਾਨ ਮੰਗਦੇ ਹਨ।(ਉਨ੍ਹਾਂ ਨੂੰ ਹਰ ਥਾਂ) ਇਕੋ ਪ੍ਰਮਾਤਮਾ ਦਿਸਦਾ ਹੈ, ਇਕੋ ਸੁਣੀਂਦਾ ਹੈ ਅਤੇ ਇਕੋ ਨਰਸਿੰਘ ਰੂਪ ਪ੍ਰਮਾਤਮਾ (ਸਭ ਥਾਂ) ਵਰਤ ਰਿਹਾ ਅਨੁਭਵ ਹੁੰਦਾ ਹੈ।੧।(ਮੇਰੀ ਵੀ) ਇਕ ਪ੍ਰਭੂ ਪਾਸ ਅਰਦਾਸ ਹੈ ਕਿ

ਮੈਂ ਇਕ ਪ੍ਰਭੂ ਦੀ ਸੇਵਾ ਕਰਾਂ ਤੇ ਇਕ ਨੂੰ ਹੀ ਯਾਦ ਕਰਾਂ।(ਉਸ ਨੂੰ ਜਪਦਿਆਂ ਮੈਂ) ਪ੍ਰਭੂ ਦੇ ਨਾਮ ਦਾ ਸੌਦਾ ਤੇ ਨਾਮ ਦਾ ਹੀ ਧਨ ਇਕੱਠਾ ਕੀਤਾ ਹੈ, ਨਾਨਕ ਗੁਰੂ ਜੀ ਆਖਦੇ ਹਨ ਕਿ (ਪ੍ਰਲੋਕ ਨੂੰ ਜੀਵਾਤਮਾ ਦੇ ਨਾਲ ਜਾਣ ਵਾਲੀ ਇਹੋ) ਸੱਚੀ ਪੂੰਜੀ ਹੈ।੨।

ਪਉੜੀ ॥ ਪ੍ਰਭ ਦਇਆਲ ਬੇਅੰਤ, ਪੂਰਨ ਇਕੁ ਏਹੁ ॥ ਸਭੁ ਕਿਛੁ ਆਪੇ ਆਪਿ, ਦੂਜਾ ਕਹਾ ਕੇਹੁ ॥ ਆਪਿ ਕਰਹੁ ਪ੍ਰਭ ਦਾਨੁ ,ਆਪੇ ਆਪਿ ਲੇਹੁ ॥ ਆਵਣ ਜਾਣਾ ਹੁਕਮੁ ਸਭੁ ,ਨਿਹਚਲੁ ਤੁਧੁ ਥੇਹੁ ॥ ਨਾਨਕੁ ਮੰਗੈ ਦਾਨੁ ,ਕਰਿ ਕਿਰਪਾ ਨਾਮੁ ਦੇਹੁ ॥੨੦॥੧॥

(ਹੇ ਭਾਈ!) ਪ੍ਰਭੂ ਦਇਆ ਦਾ ਘਰ ਹੈ, ਬੇਅੰਤ ਹੈ ਅਤੇ ਇਹ ਇਕ ਪ੍ਰਭੂ ਹੀ ਸਭ ਥਾਂ ਭਰਪੂਰ ਹੈ।ਉਹ ਸਭ ਕੁਛ ਆਪੇ ਹੀ ਆਪ ਹੈ, (ਉਸ ਵਰਗਾ) ਦੂਜਾ ਹੋਰ ਕਿਸ ਨੂੰ ਆਖਾਂ? ਹੇ ਪ੍ਰਭੂ! ਆਪ ਹੀ (ਜੀਵਾਂ ਨੂੰ) ਦਾਨ ਕਰਦੇ ਹੋ ਅਤੇ ਆਪ ਹੀ ਆਪ (ਜੀਵ ਰੂਪ ਹੋ ਕੇ ਦਾਨ) ਲੈਂਦੇ ਹੋ।(ਸੰਸਾਰ ਵਿਚ ਜੀਵਾਂ ਦਾ) ਆਉਣਾ ਜਾਣਾ ਸਭ ਆਪ ਜੀ ਦਾ ਹੀ ਹੁਕਮ ਹੈ, (ਪਰ) ਤੁਹਾਡਾ ਟਿਕਾਣਾ ਨਿਹਚਲ ਹੈ।ਨਾਨਕ ਤੈਥੋਂ ਦਾਨ ਮੰਗਦਾ ਹੈ, ਕ੍ਰਿਪਾ ਕਰਕੇ (ਮੈਨੂੰ) ਨਾਮ ਦੇਵੋ।੨੧।੧।

ਪਦਾਰਥ = ਦ੍ਰਿਸਟੰਤ–ਦਿਸਦਾ ਹੈ।ਏਕੋ–ਇਕ ਪ੍ਰਭੂ ਹੀ।ਸੁਨੀਅੰਤ–ਸੁਣੀਂਦਾ ਹੈ।ਵਰਤੰਤ–ਵਰਤ ਰਿਹਾ (ਵਿਆਪਕ) ਹੈ।ਨਰਹਰਹ –ਨਰ ਸਿੰਘ ਰੂਪ ਪ੍ਰਮਾਤਮਾ; ਸਾਰੀ ਦੁਨੀਆਂ ਦਾ ਮਾਲਕ।ਜਾਚੰਤਿ–ਮੰਗਦੇ ਹਨ।ਪੁਰਖ–ਸਰਬ ਵਿਆਪਕ ਪ੍ਰਭੂ।ਕਰਹ–ਕਰਦਾ ਹੈ। ੧।ਹਿਕੁ–ਇਕ ਪ੍ਰਭੂ।ਸੇਵੀ–ਸੇਵਾ ਕਰਾਂ।ਸੰਮਲਾ–ਯਾਦ ਕਰਾਂ।ਪਹਿ–ਪਾਸ।ਵਖਰੁ–ਸੌਦਾ।ਸੰਚਿਆ–ਇਕੱਠਾ ਕੀਤਾ।ਰਾਸਿ–ਪੂੰਜੀ। ੨।ਪਉੜੀ।ਪੂਰਨ–ਸਭ ਥਾਂ ਭਰਪੂਰ।ਕਹਾ–ਆਖਾਂ।ਕੇਹੁ–ਕਿਹੜਾ; ਕਿਸ ਨੂੰ।ਲੇਹੁ–ਲੈਂਦੇ ਹੋ।ਆਵਣ ਜਾਣਾ–ਜੰਮਣਾ ਮਰਨਾ। ਨਿਹਚਲੁ–ਅਚੱਲ (ਸਦਾ ਕਾਇਮ ਰਹਿਣ ਵਾਲਾ)।ਤੁਧੁ–ਤੇਰਾ।ਥੇਹੁ–ਥਾਂ (ਟਿਕਾਣਾ)।ਦੇਹੁ–ਦੇਵੋ।੨੦।੧।

ਜੈਤਸਰੀ ਬਾਣੀ ਭਗਤਾ ਕੀ ੴ ਸਤਿਗੁਰ ਪ੍ਰਸਾਦਿ ॥ ਨਾਥ ਕਛੂਅ ਨ ਜਾਨਉ ॥ ਮਨੁ ਮਾਇਆ ਕੈ ਹਾਥਿ ਬਿਕਾਨਉ ॥੧॥ ਰਹਾਉ॥ ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥ ਹਮ ਕਹੀਅਤ ਕਲਿਜੁਗ ਕੇ ਕਾਮੀ ॥੧॥ ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥ ਪਲੁ ਪਲੁ ਹਰੀ ਜੀ ਤੇ ਅੰਤਰੁ ਪਾਰਿਓ ॥੨॥ ਜਤ ਦੇਖਉ ਤਤ ਦੁਖ ਕੀ ਰਾਸੀ ॥ ਅਜੌਂ ਨ ਪਤ੍ਯਾਇ ਨਿਗਮ ਭਏ ਸਾਖੀ ॥੩॥ ਗੋਤਮ ਨਾਰਿ ਉਮਾਪਤਿ ਸ੍ਵਾਮੀ ॥ ਸੀਸੁ ਧਰਨਿ ਸਹਸ ਭਗ ਗਾਂਮੀ ॥੪॥ ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥ ਬਡੋ ਨਿਲਾਜੁ ਅਜਹੂ ਨਹੀ ਹਾਰਿਓ ॥੫॥ ਕਹਿ ਰਵਿਦਾਸ ਕਹਾ ਕੈਸੇ ਕੀਜੈ ॥ ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ॥੬॥੧॥ ਹੇ ਮਾਲਕ ਪ੍ਰਭੂ! ਮੈਂ ਕੁਛ ਨਹੀਂ ਜਾਣਦਾ।(ਕਿਉਂਕਿ) ਮੇਰਾ ਮਨ ਮਾਇਆ ਦੇ ਹੱਥਾਂ ਵਿਚ ਬਿਕ ਗਿਆ ਹੈ।੧।ਰਹਾਉ।ਤੁਸੀਂ ਜਗਤ ਗੁਰੂ ਅਤੇ ਜਗਤ ਦੇ ਮਾਲਕ ਕਹਾਉਂਦੇ ਹੋ।(ਪਰ) ਅਸੀਂ ਕਲਜੁਗ ਦੇ ਕਾਮ ਵਾਸ਼ਨਾ ਵਾਲੇ (ਵਿਸ਼ਈ ਮਨੁੱਖ) ਕਹਾਉਂਦੇ ਹਾਂ।੧।ਮੇਰਾ ਮਨ ਇਨ੍ਹਾਂ ਪੰਜਾਂ (ਕਾਮਾਦਿਕਾਂ) ਨੇ ਜੋ ਬਿਗਾੜ ਦਿਤਾ ਹੈ।ਪਲ ਪਲ (ਹਰ ਵਕਤ ਇਨ੍ਹਾਂ ਨੇ ਮੇਰਾ) ਹਰੀ ਤੋਂ ਫਰਕ ਪਾਇਆ ਹੋਇਆ ਹੈ।੨। ਮੈਂ ਜਿਧਰ ਦੇਖਦਾ ਹਾਂ, ਓਧਰ ਦੁਖ ਦਾ ਹੀ ਸਮਾਨ ਦਿਸਦਾ ਹੈ।(ਇਸ ਗੱਲ ਦੇ) ਵੇਦ ਆਦਿ ਗ੍ਰੰਥ ਗਵਾਹ ਬਣੇ ਹੋਏ ਹਨ, (ਪਰ ਵਿਕਾਰੀ ਮਨ) ਅਜੇ ਵੀ ਨਹੀਂ ਮੰਨਦਾ।੩।ਹੇ ਸੁਆਮੀ! ਗੋਤਮ ਰਿਖੀ ਦੀ ਇਸਤ੍ਰੀ ਤੇ ਪਾਰਬਤੀ ਦਾ ਪਤੀ ਸ਼ਿਵ ਜੀ ਸਨ।ਸ਼ਿਵ ਜੀ ਨੇ ਬ੍ਰਹਮਾ ਦਾ ਸਿਰ ਕੱਟਣ ਦਾ ਪਾਪ ਕੀਤਾ, ਤਾਂ ਬ੍ਰਹਮਾ ਦਾ ਕੱਟਿਆ ਸਿਰ ਸ਼ਿਵ ਜੀ ਦੇ ਹੱਥ ਨੂੰ ਚਿਮਟ ਗਿਆ, ਅਹੱਲਿਆ ਨਾਲ ਇੰਦ੍ਰ ਨੇ ਕੁਕਰਮ ਕੀਤਾ, ਤਾਂ ਇੰਦ੍ਰ ਦੇ ਸਰੀਰ ਉਤੇ ਯੋਨੀ ਦੇ ਹਜਾਰਾਂ ਨਿਸ਼ਾਨ ਪੈ ਗਏ (ਇਨ੍ਹਾਂ ਪੰਜਾਂ ਦੇ ਹੱਥੋਂ ਖੁਆਰ ਹੋਏ)। ੪।ਇਨ੍ਹਾਂ (ਵਿਸ਼ੇ ਰੂਪ) ਦੁਸ਼ਟਾਂ ਨੇ ਮੇਰੇ ਮੂਰਖ ਮਨ ਨੂੰ ਬੰਨ੍ਹ ਕਰਕੇ ਮਾਰਿਆ ਹੈ।(ਪਰ ਇਹ) ਬੜਾ ਬੇ ਸ਼ਰਮ ਹੈ, ਅਜੇ ਵੀ ਉਨ੍ਹਾਂ ਦੀ ਸੰਗਤ ਤੋਂ ਨਹੀਂ ਹਾਰਿਆ (ਹਟਿਆ)।੫।ਰਵਿਦਾਸ ਜੀ ਆਖਦੇ ਹਨ (ਕਿ ਹੇ ਪ੍ਰਭੂ! ਕਾਮਾਦਿਕਾਂ ਤੋਂ ਬਚਣ ਲਈ ਭੱਜ ਕੇ) ਕਿਥੇ ਜਾਈਏ? ਕਿਸ ਤਰ੍ਹਾਂ ਕਰੀਏ? ਪ੍ਰਮਾਤਮਾ ਤੋਂ ਬਿਨਾ ਕਿਸ ਦੀ ਸ਼ਰਨ ਲਈਏ? (ਜੋ ਕਾਮਾਦਿਕਾਂ ਤੋਂ ਬਚਾ ਸਕੇ)।੬।੧।

ਪਦਾਰਥ = ਨਾਥ–ਹੇ ਮਾਲਕ ਪ੍ਰਭੂ!।ਨ ਜਾਨਉ–ਮੈਂ ਨਹੀਂ ਜਾਣਦਾ।ਕੈ ਹਾਥਿ–ਦੇ ਹੱਥਾਂ ਵਿਚ।ਬਿਕਾਨਉ–ਬਿਕ ਗਿਆ ਹੈ।੧। ਰਹਾਉ।ਕਹੀਅਤ ਹੌ–ਕਹਾਉਂਦੇ ਹੋ।ਸੁਆਮੀ–ਹੇ ਮਾਲਕ (ਪ੍ਰਭੂ)!।ਹਮ–ਅਸੀਂ।ਕਾਮੀ–ਵਿਸ਼ਈ।੧।ਇਨ ਪੰਚਨ–ਇਨ੍ਹਾਂ ਪੰਜਾਂ ਨੇ ।ਜੁ–ਜੋ।ਪਲੁ ਪਲੁ–ਹਰੇਕ ਪਲ (ਹਰ ਵਕਤ)।ਤੇ–ਤੋਂ।ਅੰਤਰੁ–ਫਰਕ; ਵਿੱਥ।ਪਾਰਿਓ–ਪਾਇਆ ਹੈ।੨।ਜਤ–ਜਿਧਰ।ਤਤ– ਉਧਰ।ਰਾਸੀ–ਸਮਾਨ; ਪੂੰਜੀ।ਅਜੌਂ–ਅਜੇ ਵੀ।ਨ ਪਤ੍ਯਾਇ–ਮੰਨਦਾ ਨਹੀਂ; ਭਰੋਸਾ ਨਹੀਂ ਕਰਦਾ।ਨਿਗਮ–ਬੇਦ।ਭਏ–ਬਣੇ ਹੋਏ ਹਨ।ਸਾਖੀ–ਗਵਾਹ।੩।ਗੋਤਮ ਨਾਰਿ–ਗੋਤਮ ਰਿਖੀ ਦੀ ਇਸਤ੍ਰੀ।ਉਮਾਪਤਿ–ਪਾਰਬਤੀ ਦਾ ਪਤੀ ਸ਼ਿਵ ਜੀ।ਸੀਸੁ ਧਰਨਿ–ਸੀਸ ਨੂੰ ਧਾਰਨ (ਬ੍ਰਹਮਾ ਦਾ ਪੰਜਵਾਂ ਸਿਰ ਚੁੱਕੀ ਫਿਰਨ) ਵਾਲਾ ਸ਼ਿਵ ਜੀ।ਸਹਸ ਭਗ ਗਾਂਮੀ–ਹਜਾਰਾਂ ਯੋਨੀਆਂ ਦੇ ਨਿਸ਼ਾਨਾਂ ਵਾਲਾ ਇੰਦ੍ਰ ।੪।ਦੂਤਨ–ਦੁਸ਼ਟਾਂ ਨੇ।ਖਲੁ–ਮੂਰਖ (ਮਨ ਨੂੰ)।ਬਧੁ ਕਰਿ–ਬੰਨ੍ਹ ਕਰਕੇ।ਮਾਰਿਓ–ਮਾਰਿਆ; ਕੁੱਟਿਆ।ਬਡੋ ਨਿਲਾਜੁ–ਬੜਾ ਬੇ ਸ਼ਰਮ।ਅਜਹੂ–ਅਜੇ ਵੀ।ਨਹੀ ਹਾਰਿਓ–ਨਹੀਂ ਹਾਰਿਆ (ਮੁੜਿਆ)।ਕਹਿ–ਕਹਿੰਦਾ ਹੈ।ਕਹਾ–ਕਿੱਥੇ (ਜਾਈਏ)।ਕੈਸੇ ਕੀਜੈ–ਕਿਸ ਤਰ੍ਹਾਂ ਕਰੀਏ? ਰਘੁਨਾਥ–ਪ੍ਰਮਾਤਮਾ।ਕਾ ਕੀ–ਕਿਸ ਦੀ।੬।੧।ਇਥੇ ਇਕ ਭਗਤ ਰਵਿਦਾਸ ਜੀ ਦਾ ਹੀ ਇਕ ਸ਼ਬਦ ਹੈ।ਕਈ ਪੁਰਾਤਨ ਹੱਥ ਲਿਖਤ ਬੀੜਾਂ ਵਿਚ ਇਸ ਸ਼ਬਦ ਦਾ ਸਿਰਲੇਖ ਇਉਂ ਹੈ = ਸਬਦੁ ਰਵਿਦਾਸ ਜੀ ਕਾ ॥ ਜੈਤਸਰੀ ॥